


ਸੱਚੀ ਅਤੇ ਨਿਰਪੱਖ ਵਿਚਾਰਧਾਰਾ
CEE7NEWS
Daily Digital Edition




Reg No: AAG1353 | Ludhiana, Thursday 07 May, 2026 | website: www.cee7news.com

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਬਿਆਨ 'ਤੇ ਗੁੱਸੇ ਵਿੱਚ ਹਨ



ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਪੰਜਾਬ ਵਿੱਚ ਲਗਾਤਾਰ ਦੋ ਬੰਬ ਧਮਾਕਿਆਂ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਬਿਆਨ 'ਤੇ ਗੁੱਸੇ ਵਿੱਚ ਹਨ। ਉਨ੍ਹਾਂ ਕਿਹਾ ਕਿ ਇਹ ਗ੍ਰਹਿ ਮੰਤਰੀ ਵਜੋਂ ਮੁੱਖ ਮੰਤਰੀ ਮਾਨ ਦਾ ਬਹੁਤ ਸ਼ਰਮਨਾਕ ਅਤੇ ਹੈਰਾਨ ਕਰਨ ਵਾਲਾ ਬਿਆਨ ਹੈ। ਇਸਨੂੰ ਭਾਜਪਾ ਦੀ ਸਾਜ਼ਿਸ਼ ਦੱਸ ਕੇ, ਮੁੱਖ ਮੰਤਰੀ ਮਾਨ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੇ ਹਨ। ਉਹ ਪਹਿਲਾਂ ਹੀ ਮੰਨ ਚੁੱਕੇ ਹਨ ਕਿ ਉਹ ਅਤੇ ਉਨ੍ਹਾਂ ਦੀ ਸਰਕਾਰ ਕਾਨੂੰਨ ਵਿਵਸਥਾ ਬਣਾਈ ਰੱਖਣ ਵਿੱਚ ਪੂਰੀ ਤਰ੍ਹਾਂ ਅਸਫਲ ਰਹੇ ਹਨ।ਦੂਜੇ ਪਾਸੇ, ਮੁੱਖ ਮੰਤਰੀ ਦੇ ਬਿਆਨ ਦੇ ਉਲਟ, ਉਨ੍ਹਾਂ ਦੇ ਡੀਜੀਪੀ ਗੌਰਵ ਯਾਦਵ ਇਨ੍ਹਾਂ ਬੰਬ ਧਮਾਕਿਆਂ ਪਿੱਛੇ ਪਾਕਿਸਤਾਨ ਸਬੰਧ ਵੱਲ ਇਸ਼ਾਰਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਸਾਬਤ ਹੁੰਦਾ ਹੈ ਕਿ ਮੁੱਖ ਮੰਤਰੀ ਮਾਨ ਪੰਜਾਬ ਪ੍ਰਤੀ ਬਿਲਕੁਲ ਵੀ ਗੰਭੀਰ ਨਹੀਂ ਹਨ। ਉਹ ਗ੍ਰਹਿ ਮੰਤਰੀ ਬਣਨ ਦੇ ਯੋਗ ਨਹੀਂ ਹਨ। ਉਨ੍ਹਾਂ ਦਾ ਪੁਲਿਸ ਅਧਿਕਾਰੀਆਂ ਨਾਲ ਕੋਈ ਤਾਲਮੇਲ ਨਹੀਂ ਹੈ।ਸੰਸਦ ਮੈਂਬਰ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਨੇ ਕੇਂਦਰ ਦੀ ਭਾਜਪਾ ਸਰਕਾਰ 'ਤੇ ਬਹੁਤ ਗੰਭੀਰ ਦੋਸ਼ ਲਗਾਏ ਹਨ, ਜਿਵੇਂ ਕਿ ਚੋਣਾਂ ਵਾਲੇ ਰਾਜਾਂ ਵਿੱਚ ਬੰਬ ਧਮਾਕੇ। ਕੇਂਦਰ ਸਰਕਾਰ ਅਤੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਇਸ ਸਵਾਲ ਦਾ ਜਵਾਬ ਦੇਣਾ ਚਾਹੀਦਾ ਹੈ। ਕੀ ਕੇਂਦਰ ਸਰਕਾਰ ਅਤੇ ਭਾਜਪਾ ਸੱਚਮੁੱਚ ਇਨ੍ਹਾਂ ਬੰਬ ਧਮਾਕਿਆਂ ਪਿੱਛੇ ਹਨ? ਉਨ੍ਹਾਂ ਮੁੱਖ ਮੰਤਰੀ ਮਾਨ ਤੋਂ ਪੁੱਛਿਆ ਕਿ ਕੀ ਇਨ੍ਹਾਂ ਬੰਬ ਧਮਾਕਿਆਂ ਦੇ ਸਬੰਧ ਵਿੱਚ ਦਰਜ ਐਫਆਈਆਰ ਵਿੱਚ ਕੇਂਦਰ ਸਰਕਾਰ ਦਾ ਨਾਮ ਸ਼ਾਮਲ ਕੀਤਾ ਜਾਵੇਗਾ, ਜਾਂ ਇਹ ਸਭ ਸਿਰਫ਼ ਇੱਕ ਡਰਾਮਾ ਹੈ। ਉਨ੍ਹਾਂ ਮਾਨ ਤੋਂ ਇਹ ਵੀ ਪੁੱਛਿਆ ਕਿ ਕੀ ਉਨ੍ਹਾਂ ਕੋਲ ਰੇਲਵੇ ਟਰੈਕ ਧਮਾਕੇ ਲਈ ਕੋਈ ਜਵਾਬ ਹੈ। ਜੇਕਰ ਭਾਜਪਾ ਸੱਚਮੁੱਚ ਚੋਣਾਂ ਤੋਂ ਪਹਿਲਾਂ ਪੰਜਾਬ ਦੀ ਸ਼ਾਂਤੀ ਭੰਗ ਕਰਨ ਲਈ ਕੰਮ ਕਰ ਰਹੀ ਹੈ, ਤਾਂ ਇਹ ਪੰਜਾਬੀਆਂ ਲਈ ਬਹੁਤ ਚਿੰਤਾਜਨਕ ਸਥਿਤੀ ਹੈ।

# ਅੰਮ੍ਰਿਤਸਰ ਧਮਾਕੇ ਪਿੱਛੇ ਪਾਕਿਸਤਾਨ ਦਾ ਹੋ ਸਕਦਾ ਹੈ ਹੱਥ : ਡੀ.ਜੀ.ਪੀ. ਗੌਰਵ ਯਾਦਵ



ਅੰਮ੍ਰਿਤਸਰ : ਅੰਮ੍ਰਿਤਸਰ ਦੇ ਖਾਸਾ ਛਾਉਣੀ 'ਚ ਬੰਬ ਧਮਾਕੇ ਦਾ ਜਾਇਜ਼ਾ ਲੈਣ ਪਹੁੰਚੇ ਡੀ.ਜੀ.ਪੀ. ਗੌਰਵ ਯਾਦਵ ਨੇ ਦਾਅਵਾ ਕੀਤਾ ਕਿ ਇਸ ਧਮਾਕੇ ਪਿੱਛੇ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ.ਐਸ.ਆਈ. ਦਾ ਹੱਥ ਹੋ ਸਕਦਾ ਹੈ, ਕਿਉਂਕਿ ਭਾਰਤ ਆਪ੍ਰੇਸ਼ਨ ਸੰਧੂਰ ਦੀ ਵਰ੍ਹੇਗੰਡ ਮਨਾ ਰਿਹਾ ਹੈ ਅਤੇ ਇਹ ਧਮਾਕੇ ਪਾਕਿਸਤਾਨ ਦੀ ਕੋਝੀ ਸਾਜਿਸ਼ ਸਨ। ਉਨ੍ਹਾਂ ਕਿਹਾ ਕਿ ਜਲੰਧਰ ਵਿਖੇ ਧਮਾਕਿਆਂ ਦਾ ਅੰਮ੍ਰਿਤਸਰ ਵਾਲੇ ਧਮਾਕੇ ਨਾਲ ਕੋਈ ਮੇਲ ਨਹੀਂ ਹੈ, ਕਿਉਂਕਿ ਉਸ ਦੀ ਜ਼ਿੰਮੇਵਾਰੀ ਖਾਲਿਸਤਾਨੀ ਜਥੇਬੰਦੀ ਵਲੋਂ ਲੈ ਲਈ ਗਈ ਹੈ, ਜਦੋਂ ਕਿ ਇਸ ਦੇ ਜ਼ਿੰਮੇਵਾਰੀ ਹਾਲੇ ਤੱਕ ਕਿਸੇ ਵਲੋਂ ਨਹੀਂ ਲਈ ਗਈ। ਡੀ.ਜੀ.ਪੀ. ਗੌਰਵ ਯਾਦਵ ਨੇ ਅੱਗੇ ਕਿਹਾ ਕਿ ਇਹ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨ ਦੀ ਕੋਸ਼ਿਸ਼ ਹੈ ਅਤੇ ਅਸੀਂ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਵਾਲਿਆਂ ਨੂੰ ਸਿਰ ਨਹੀਂ ਚੁੱਕਣ ਦਿਆਂਗੇ।ਅੰਮ੍ਰਿਤਸਰ : ਅੰਮ੍ਰਿਤਸਰ ਦੇ ਖਾਸਾ ਛਾਉਣੀ 'ਚ ਬੰਬ ਧਮਾਕੇ ਦਾ ਜਾਇਜ਼ਾ ਲੈਣ ਪਹੁੰਚੇ ਡੀ.ਜੀ.ਪੀ. ਗੌਰਵ ਯਾਦਵ ਨੇ ਦਾਅਵਾ ਕੀਤਾ ਕਿ ਇਸ ਧਮਾਕੇ ਪਿੱਛੇ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ.ਐਸ.ਆਈ. ਦਾ ਹੱਥ ਹੋ ਸਕਦਾ ਹੈ, ਕਿਉਂਕਿ ਭਾਰਤ ਆਪ੍ਰੇਸ਼ਨ ਸੰਧੂਰ ਦੀ ਵਰ੍ਹੇਗੰਡ ਮਨਾ ਰਿਹਾ ਹੈ ਅਤੇ ਇਹ ਧਮਾਕੇ ਪਾਕਿਸਤਾਨ ਦੀ ਕੋਝੀ ਸਾਜਿਸ਼ ਸਨ। ਉਨ੍ਹਾਂ ਕਿਹਾ ਕਿ ਜਲੰਧਰ ਵਿਖੇ ਧਮਾਕਿਆਂ ਦਾ ਅੰਮ੍ਰਿਤਸਰ ਵਾਲੇ ਧਮਾਕੇ ਨਾਲ ਕੋਈ ਮੇਲ ਨਹੀਂ ਹੈ, ਕਿਉਂਕਿ ਉਸ ਦੀ ਜ਼ਿੰਮੇਵਾਰੀ ਖਾਲਿਸਤਾਨੀ ਜਥੇਬੰਦੀ ਵਲੋਂ ਲੈ ਲਈ ਗਈ ਹੈ, ਜਦੋਂ ਕਿ ਇਸ ਦੇ ਜ਼ਿੰਮੇਵਾਰੀ ਹਾਲੇ ਤੱਕ ਕਿਸੇ ਵਲੋਂ ਨਹੀਂ ਲਈ ਗਈ। ਡੀ.ਜੀ.ਪੀ. ਗੌਰਵ ਯਾਦਵ ਨੇ ਅੱਗੇ ਕਿਹਾ ਕਿ ਇਹ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨ ਦੀ ਕੋਸ਼ਿਸ਼ ਹੈ ਅਤੇ ਅਸੀਂ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਵਾਲਿਆਂ ਨੂੰ ਸਿਰ ਨਹੀਂ ਚੁੱਕਣ ਦਿਆਂਗੇ।

## Cee7News ਇੱਥੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਕਾਲੀ ਦਲ ਅਤੇ ਬੇਅਦਬੀ ਦੇ ਮੁੱਦੇ 'ਤੇ ਦਿੱਤੇ ਬਿਆਨਾਂ 'ਤੇ ਅਧਾਰਿਤ

# ਅਕਾਲੀ ਆਗੂਆਂ ਨੂੰ ਡਰ ਹੈ ਕਿ ਜੇਕਰ ਇਹ ਕਾਨੂੰਨ ਸਖ਼ਤੀ ਨਾਲ ਲਾਗੂ ਹੋ ਗਿਆ ਤਾਂ ਉਨ੍ਹਾਂ ਦੇ ਪੁਰਾਣੇ ਗੁਨਾਹ ਸਾਹਮਣੇ ਆ ਜਾਣਗੇ

ਪੰਜਾਬ ਦੀ ਸਿਆਸਤ ਵਿੱਚ ਬੇਅਦਬੀ ਦਾ ਮੁੱਦਾ ਹਮੇਸ਼ਾ ਹੀ ਬਹੁਤ ਸੰਵੇਦਨਸ਼ੀਲ ਰਿਹਾ ਹੈ। ਹਾਲ ਹੀ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਅਕਾਲੀ ਦਲ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਹੈ ਕਿ ਅਕਾਲੀ ਦਲ ਵੱਲੋਂ ਬੇਅਦਬੀ ਵਿਰੁੱਧ ਲਿਆਂਦੇ ਗਏ ਨਵੇਂ ਸਖ਼ਤ ਕਾਨੂੰਨ ਦਾ ਵਿਰੋਧ ਸਿਰਫ਼ ਇਸ ਲਈ ਕੀਤਾ ਜਾ ਰਿਹਾ ਹੈ ਕਿਉਂਕਿ ਉਹ ਖੁਦ ਇਨ੍ਹਾਂ ਘਿਨਾਉਣੇ ਮਾਮਲਿਆਂ ਵਿੱਚ ਸ਼ਾਮਲ ਹਨ। ਮਾਨ ਅਨੁਸਾਰ, ਅਕਾਲੀ ਆਗੂਆਂ ਨੂੰ ਡਰ ਹੈ ਕਿ ਜੇਕਰ ਇਹ ਕਾਨੂੰਨ ਸਖ਼ਤੀ ਨਾਲ ਲਾਗੂ ਹੋ ਗਿਆ ਤਾਂ ਉਨ੍ਹਾਂ ਦੇ ਪੁਰਾਣੇ ਗੁਨਾਹ ਸਾਹਮਣੇ ਆ ਜਾਣਗੇ ਅਤੇ ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਦਾ ਸਾਹਮਣਾ ਕਰਨਾ ਪਵੇਗਾ।

ਬੇਅਦਬੀ ਵਿਰੁੱਧ ਨਵਾਂ ਕਾਨੂੰਨ ਅਤੇ ਮਾਨ ਦਾ ਪੱਖ: ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਿਧਾਨ ਸਭਾ ਵਿੱਚ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ, 2026' ਪੇਸ਼ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਾ ਮੁੱਖ ਮਕਸਦ ਸਿੱਖਾਂ ਦੀ ਸਰਵਉੱਚ ਸੰਸਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਯਾਦਾ ਨੂੰ ਬਹਾਲ ਕਰਨਾ ਅਤੇ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦੇਣਾ ਹੈ। ਇਸ ਨਵੇਂ ਕਾਨੂੰਨ ਤਹਿਤ ਬੇਅਦਬੀ ਕਰਨ ਵਾਲਿਆਂ ਲਈ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਦਾ ਪ੍ਰਬੰਧ ਕੀਤਾ ਗਿਆ ਹੈ। ਮਾਨ ਨੇ ਸਪੱਸ਼ਟ ਕੀਤਾ ਕਿ ਪਿਛਲੀਆਂ ਸਰਕਾਰਾਂ (ਅਕਾਲੀ-ਭਾਜਪਾ ਅਤੇ ਕਾਂਗਰਸ) ਨੇ ਸਿਰਫ਼ ਕਾਗਜ਼ੀ ਕਾਰਵਾਈਆਂ ਕੀਤੀਆਂ ਅਤੇ ਅਜਿਹੇ ਕਾਨੂੰਨ ਬਣਾਏ ਜੋ ਕੇਂਦਰ ਦੀ ਮਨਜ਼ੂਰੀ ਵਿੱਚ ਫਸ ਗਏ, ਪਰ ਉਨ੍ਹਾਂ ਦੀ ਸਰਕਾਰ ਨੇ ਮੌਜੂਦਾ ਸਟੇਟ ਐਕਟ ਵਿੱਚ ਸੋਧ ਕਰਕੇ ਇਸ ਨੂੰ ਤੁਰੰਤ ਲਾਗੂ ਕਰਨ ਦਾ ਰਸਤਾ ਸਾਫ਼ ਕੀਤਾ ਹੈ।

ਅਕਾਲੀ ਦਲ 'ਤੇ ਗੰਭੀਰ ਦੋਸ਼ ਭਗਵੰਤ ਮਾਨ ਨੇ ਦੋਸ਼ ਲਾਇਆ ਕਿ 2015 ਵਿੱਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ (ਬਰਗਾੜੀ ਅਤੇ ਬਹਿਬਲ ਕਲਾਂ) ਵੇਲੇ ਅਕਾਲੀ ਦਲ ਸੱਤਾ ਵਿੱਚ ਸੀ। ਉਨ੍ਹਾਂ ਕਿਹਾ ਕਿ ਜੇਕਰ ਉਸ ਸਮੇਂ ਦੀ ਸਰਕਾਰ ਚਾਹੁੰਦੀ ਤਾਂ ਦੋਸ਼ੀਆਂ ਨੂੰ ਤੁਰੰਤ ਫੜਿਆ ਜਾ ਸਕਦਾ ਸੀ, ਪਰ ਸਿਆਸੀ ਸਵਾਰਥਾਂ ਕਾਰਨ ਦੋਸ਼ੀਆਂ ਨੂੰ ਪਨਾਹ ਦਿੱਤੀ ਗਈ। ਮਾਨ ਨੇ ਅਕਾਲੀ ਦਲ ਨੂੰ 'ਸਿਆਸੀ ਡਾਇਨਾਸੋਰ' ਕਰਾਰ ਦਿੰਦਿਆਂ ਕਿਹਾ ਕਿ ਇਹ ਪਾਰਟੀ ਹੁਣ ਖ਼ਤਮ ਹੋਣ ਦੇ ਕੰਢੇ ਹੈ ਕਿਉਂਕਿ ਇਸ ਨੇ ਪੰਜਾਬ ਦੇ ਲੋਕਾਂ ਅਤੇ ਗੁਰੂ ਸਾਹਿਬ ਨਾਲ ਧ੍ਰੋਹ ਕਮਾਇਆ ਹੈ। ਉਨ੍ਹਾਂ ਮੁਤਾਬਕ, ਅਕਾਲੀ ਦਲ ਦੇ ਆਗੂ ਜਾਣਬੁੱਝ ਕੇ ਨਵੇਂ ਕਾਨੂੰਨ ਦੀਆਂ ਕਮੀਆਂ ਕੱਢ ਰਹੇ ਹਨ ਤਾਂ ਜੋ ਜਨਤਾ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਇਆ ਜਾ ਸਕੇ।

ਐਸ.ਜੀ.ਪੀ.ਸੀ. ਦੀ ਭੂਮਿਕਾ 'ਤੇ ਸਵਾਲ
ਮੁੱਖ ਮੰਤਰੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਨੂੰ ਵੀ ਨਿਸ਼ਾਨੇ 'ਤੇ ਲਿਆ।




ਉਨ੍ਹਾਂ ਕਿਹਾ ਕਿ ਇਹ ਦੁਖਦ ਹੈ ਕਿ ਧਾਰਮਿਕ ਸੰਸਥਾਵਾਂ ਵੀ ਇੱਕ ਖ਼ਾਸ ਪਰਿਵਾਰ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਰਹਿ ਗਈਆਂ ਹਨ। ਜਦੋਂ ਸਰਕਾਰ ਬੇਅਦਬੀ ਰੋਕਣ ਲਈ ਸਖ਼ਤ ਕਾਨੂੰਨ ਲਿਆ ਰਹੀ ਹੈ, ਤਾਂ ਐਸ.ਜੀ.ਪੀ.ਸੀ. ਨੂੰ ਇਸ ਦਾ ਸਵਾਗਤ ਕਰਨਾ ਚਾਹੀਦਾ ਸੀ, ਪਰ ਉਹ ਅਕਾਲੀ ਦਲ ਦੀ ਬੋਲੀ ਬੋਲ ਰਹੇ ਹਨ। ਮਾਨ ਨੇ ਕਿਹਾ ਕਿ ਜੇਕਰ ਅਸੀਂ ਆਪਣੇ ਗੁਰੂ ਦੀ ਰੱਖਿਆ ਲਈ ਸਖ਼ਤ ਕਾਨੂੰਨ ਨਹੀਂ ਬਣਾਵਾਂਗੇ ਤਾਂ ਆਉਣ ਵਾਲੀਆਂ ਨਸਲਾਂ ਸਾਨੂੰ ਕਦੇ ਮੁਆਫ਼ ਨਹੀਂ ਕਰਨਗੀਆਂ।

## Cee7News ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੰਮ੍ਰਿਤਸਰ ਅਤੇ ਜਲੰਧਰ ਵਿੱਚ ਹੋਏ ਹਾਲੀਆ ਧਮਾਕਿਆਂ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਤਿੱਖੇ ਨਿਸ਼ਾਨੇ ਸਾਧੇ ਹਨ।

# ਭਾਜਪਾ ਵੋਟਾਂ ਲਈ ਲੋਕਾਂ ਨੂੰ ਡਰਾਉਣਾ ਬੰਦ ਕਰੇ: ਮੁੱਖ ਮੰਤਰੀ ਭਗਵੰਤ ਮਾਨ

ਚੰਡੀਗੜ੍ਹ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੰਮ੍ਰਿਤਸਰ ਅਤੇ ਜਲੰਧਰ ਵਿੱਚ ਹੋਏ ਤਾਜ਼ਾ ਧਮਾਕਿਆਂ ਦੇ ਸੰਦਰਭ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਤਿੱਖਾ ਨਿਸ਼ਾਨਾ ਸਾਧਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਨੂੰ ਵੋਟਾਂ ਦੀ ਰਾਜਨੀਤੀ ਲਈ ਲੋਕਾਂ ਵਿੱਚ ਡਰ ਅਤੇ ਸਹਿਮ ਦਾ ਮਾਹੌਲ ਪੈਦਾ ਕਰਨਾ ਬੰਦ ਕਰਨਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਜਦੋਂ ਵੀ ਚੋਣਾਂ ਨੇੜੇ ਆਉਂਦੀਆਂ ਹਨ, ਅਜਿਹੀਆਂ ਘਟਨਾਵਾਂ ਰਾਹੀਂ ਲੋਕਾਂ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਜੋ ਸਿਆਸੀ ਲਾਹਾ ਲਿਆ ਜਾ ਸਕੇ।

ਮੁੱਖ ਮੰਤਰੀ ਦਾ ਬਿਆਨ ਅਤੇ ਸਿਆਸੀ ਹਮਲਾ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਇੱਕ ਸਰਹੱਦੀ ਸੂਬਾ ਹੈ ਅਤੇ ਇੱਥੋਂ ਦੀ ਅਮਨ-ਸ਼ਾਂਤੀ ਨੂੰ ਭੰਗ ਕਰਨ ਦੀ ਕਿਸੇ ਵੀ ਕੋਸ਼ਿਸ਼ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਾਜਪਾ ਹਮੇਸ਼ਾ 'ਡਰ ਦੀ ਰਾਜਨੀਤੀ' ਕਰਦੀ ਆਈ ਹੈ। ਮੁੱਖ ਮੰਤਰੀ ਅਨੁਸਾਰ, ਕੇਂਦਰ ਸਰਕਾਰ ਅਤੇ ਭਾਜਪਾ ਆਗੂ ਅਕਸਰ ਪੰਜਾਬ ਦੀ ਕਾਨੂੰਨ ਵਿਵਸਥਾ 'ਤੇ ਸਵਾਲ ਚੁੱਕ ਕੇ ਸੂਬੇ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰਦੇ ਹਨ, ਜਦਕਿ ਪੰਜਾਬ ਪੁਲਿਸ ਆਪਣਾ ਕੰਮ ਪੂਰੀ ਮੁਸਤੈਦੀ ਨਾਲ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਧਮਾਕਿਆਂ ਵਰਗੀਆਂ ਘਟਨਾਵਾਂ ਨੂੰ ਸਿਆਸੀ ਰੰਗਤ ਦੇਣਾ ਮੰਦਭਾਗਾ ਹੈ।

ਅੰਮ੍ਰਿਤਸਰ ਅਤੇ ਜਲੰਧਰ ਦੀਆਂ ਘਟਨਾਵਾਂ
ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਅੰਮ੍ਰਿਤਸਰ ਦੇ ਹੈਰੀਟੇਜ ਸਟ੍ਰੀਟ ਅਤੇ ਜਲੰਧਰ ਵਿੱਚ ਹੋਏ ਧਮਾਕਿਆਂ ਨੇ ਸੂਬੇ ਵਿੱਚ ਸੁਰੱਖਿਆ ਸਬੰਧੀ ਚਿੰਤਾਵਾਂ ਵਧਾ ਦਿੱਤੀਆਂ ਸਨ। ਇਨ੍ਹਾਂ ਘਟਨਾਵਾਂ ਤੋਂ ਬਾਅਦ ਵਿਰੋਧੀ ਧਿਰਾਂ, ਖਾਸ ਕਰਕੇ ਭਾਜਪਾ, ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਘੇਰਦਿਆਂ ਸੂਬੇ ਵਿੱਚ 'ਜੰਗਲ ਰਾਜ' ਹੋਣ ਦੇ ਦੋਸ਼ ਲਾਏ ਸਨ। ਇਸ ਦੇ ਜਵਾਬ ਵਿੱਚ ਸੀਐਮ ਮਾਨ ਨੇ ਸਪੱਸ਼ਟ ਕੀਤਾ ਕਿ ਪੁਲਿਸ ਨੇ ਇਨ੍ਹਾਂ ਮਾਮਲਿਆਂ ਵਿੱਚ ਤੇਜ਼ੀ ਨਾਲ ਕਾਰਵਾਈ ਕੀਤੀ ਹੈ ਅਤੇ ਦੋਸ਼ੀਆਂ ਨੂੰ ਫੜਨ ਲਈ ਦਿਨ-ਰਾਤ ਕੰਮ ਕਰ ਰਹੀ ਹੈ।

ਭਾਈਚਾਰਕ ਸਾਂਝ ਨੂੰ ਖ਼ਤਰਾ
ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕ ਬਹੁਤ ਸਮਝਦਾਰ ਹਨ ਅਤੇ ਉਹ ਜਾਣਦੇ ਹਨ ਕਿ ਕੌਣ ਉਨ੍ਹਾਂ ਦੀ ਸੁਰੱਖਿਆ ਕਰ ਰਿਹਾ ਹੈ ਅਤੇ ਕੌਣ ਸਿਰਫ਼ ਵੋਟਾਂ ਲਈ ਨਫ਼ਰਤ ਫੈਲਾ ਰਿਹਾ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਤੋੜਨ ਦੀ ਕਿਸੇ ਵੀ ਸਾਜ਼ਿਸ਼ ਨੂੰ ਸਫਲ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਭਾਜਪਾ ਨੂੰ ਵਿਕਾਸ ਅਤੇ ਲੋਕ-ਭਲਾਈ ਦੇ ਮੁੱਦਿਆਂ 'ਤੇ ਚੋਣਾਂ ਲੜਨੀਆਂ ਚਾਹੀਦੀਆਂ ਹਨ, ਨਾ ਕਿ ਲੋਕਾਂ ਦੀਆਂ ਜਾਨਾਂ ਨਾਲ ਖੇਡ ਕੇ ਜਾਂ ਉਨ੍ਹਾਂ ਦੇ ਮਨਾਂ ਵਿੱਚ ਦਹਿਸ਼ਤ ਪੈਦਾ ਕਰਕੇ। ਪੁਲਿਸ ਅਤੇ ਸੁਰੱਖਿਆ ਏਜੰਸੀਆਂ ਦੀ ਭੂਮਿਕਾ: ਮੁੱਖ ਮੰਤਰੀ ਨੇ ਪੰਜਾਬ ਪੁਲਿਸ ਦਾ ਬਚਾਅ ਕਰਦਿਆਂ ਕਿਹਾ ਕਿ ਸਾਡੇ ਜਵਾਨ ਅਤੇ ਅਧਿਕਾਰੀ ਸੂਬੇ ਦੀ ਰਾਖੀ ਲਈ ਵਚਨਬੱਧ ਹਨ। ਉਨ੍ਹਾਂ ਕੇਂਦਰੀ ਏਜੰਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਸਹਿਯੋਗ ਕਰਨ ਨਾ ਕਿ ਸਿਆਸੀ ਦਬਾਅ ਹੇਠ ਕੰਮ ਕਰਨ।



ਉੱਥੇ ਹੀ ਦੂਜੇ ਪਾਸੇ ਵਿਰੋਧੀ ਧਿਰ ਇਸ ਨੂੰ ਸਰਕਾਰ ਦੀ ਨਾਕਾਮੀ ਦੱਸ ਰਹੀ ਹੈ। ਹਾਲਾਂਕਿ, ਮੁੱਖ ਮੰਤਰੀ ਨੇ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਪੰਜਾਬ ਦੀ ਅਮਨ-ਸ਼ਾਂਤੀ ਨਾਲ ਖੇਡਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਭਾਜਪਾ ਨੂੰ ਨਕਾਰਾਤਮਕ ਰਾਜਨੀਤੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਸਿੱਟਾ: ਭਗਵੰਤ ਮਾਨ ਦੇ ਇਸ ਬਿਆਨ ਨੇ ਸੂਬੇ ਦੀ ਸਿਆਸਤ ਵਿੱਚ ਮੁੜ ਗਰਮਾਹਟ ਪੈਦਾ ਕਰ ਦਿੱਤੀ ਹੈ। ਇੱਕ ਪਾਸੇ ਜਿੱਥੇ ਸਰਕਾਰ ਸੁਰੱਖਿਆ ਦੇ ਦਾਅਵੇ ਕਰ ਰਹੀ ਹੈ, ਉੱਥੇ ਹੀ ਦੂਜੇ ਪਾਸੇ ਵਿਰੋਧੀ ਧਿਰ ਇਸ ਨੂੰ ਸਰਕਾਰ ਦੀ ਨਾਕਾਮੀ ਦੱਸ ਰਹੀ ਹੈ। ਹਾਲਾਂਕਿ, ਮੁੱਖ ਮੰਤਰੀ ਨੇ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਪੰਜਾਬ ਦੀ ਅਮਨ-ਸ਼ਾਂਤੀ ਨਾਲ ਖੇਡਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਭਾਜਪਾ ਨੂੰ ਨਕਾਰਾਤਮਕ ਰਾਜਨੀਤੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਪੰਜਾਬ ਵਿੱਚ ਆਉਣ ਵਾਲੀਆਂ ਚੋਣਾਂ ਨੂੰ ਲੈ ਕੇ ਸਾਰੀਆਂ ਪਾਰਟੀਆਂ ਸਰਗਰਮ ਹਨ। ਮੁੱਖ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਤਰ੍ਹਾਂ ਦੀਆਂ ਅਫਵਾਹਾਂ 'ਤੇ ਵਿਸ਼ਵਾਸ ਨਾ ਕਰਨ ਅਤੇ ਸ਼ਾਂਤੀ ਬਣਾਈ ਰੱਖਣ। ਪੰਜਾਬ ਸਰਕਾਰ ਨੇ ਸੂਬੇ ਭਰ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਹਨ ਤਾਂ ਜੋ ਅਜਿਹੀਆਂ ਅਣਸੁਖਾਵੀਂਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

## ਕੀ ਕੁੱਛ ਪਲ ਉਦਾਰੇ ਮਿਲ ਸਕਦੇ? ਕੀ ਜੋ ਵਿੱਛੜੇ ਦੋਬਾਰੇ ਮਿਲ ਸਕਦੇ ਆ?



ਕੀ ਕੁੱਛ ਪਲ ਉਦਾਰੇ ਮਿਲ ਸਕਦੇ?
ਕੀ ਜੋ ਵਿੱਛੜੇ ਦੋਬਾਰੇ ਮਿਲ ਸਕਦੇ ਆ?

ਜਿਥੋਂ ਕਲੀਆਂ ਦੀਆਂ ਮਹਿਕਾਂ ਆਵਣ!
ਕੀ ਬਾਗ਼ ਬਿਨ ਫੁੱਲਾਂ ਦੇ ਖਿਲ ਸਕਦੇ ਆ?

ਜਿੱਥੇ ਯਾਦਾਂ ਦੇ ਦੀਵੇ ਜਗਦੇ ਰਹਿਣ,
ਕੀ ਉਥੇ੍ ਹਨੇਰੇ ਹਾਰੇ ਮਿਲ ਸਕਦੇ ਆ?

ਜਿੱਥੇ ਰੂਹਾਂ ਦੀ ਖਾਮੋਸ਼ੀ ਗਾਵੇਂ!
ਕੀ ਉੱਥੇ ਸੁਰ ਪਿਆਰੇ ਮਿਲ ਸਕਦੇ ਆ?

ਜਿੱਥੇ ਸੱਜਣਾ ਦੀ ਖੁਸ਼ਬੂ ਵੱਸਦੀ ਹੋਵੇ,
ਕੀ ਰਾਣੂ ਸਾਹਾਂ ਨੂੰ ਸਹਾਰੇ ਮਿਲ ਸਕਦੇ ਆ?

ਗੁਰਜੀਤ ਕੌਰ ਰਾਣੂ

## ਸਵੇਰ ਸੁਨੇਹਾ



ਮਨੁੱਖ ਰਾਤ ਨੂੰ ਕੁਦਰਤੀ ਨੀਂਦ ਸੂਰਜ ਛਿਪਣ ਤੋਂ ਬਾਅਦ ਸੌਂਦਾ ਹੈ। ਸਵੇਰ ਵੇਲੇ ਮੰਦਰ, ਮਸਜਿਦ, ਡੇਰੇ,ਮਸੀਤ ਵੱਲ ਦੌੜਦਾ ਹੈ ਕਿ ਮੈਂ ਦਾਨ ਪੁੰਨ ਕਰਕੇ ਉਸ ਗੁਰੂ, ਅੱਲ੍ਹਾ, ਰਹਿਮਤ, ਮਸੀਹੀ ਨੂੰ ਖੁਸ਼ ਕਰਕੇ ਆਪਣਾ ਜੀਵਨ ਸਫ਼ਲ ਕਰ ਲਵਾਂ।
ਪ੍ਰੰਤੂ ਮੇਰੀ ਸੋਚ ਇਹ ਕਹਿ ਰਹੀ ਹੈ ਕਿ, ਲੋੜਵੰਦ ਬੱਚਿਆਂ ਤੇ ਬਜ਼ੁਰਗਾਂ ਨੂੰ ਠੋਕਰਾਂ ਖਾਣ ਨਾ ਦਿਓ।ਇਹੀ ਤੁਹਾਡਾ ਪਾਠ ਪੂਜਾ ਕਰਨ ਦਾ ਸੁਪਨਾ ਸਾਕਾਰ ਹੋਵੇਗਾ।ਜੋ ਤੁਹਾਡੇ ਜੀਵਨ ਲਈ ਬੇਹਤਰੀਨ ਪੇਸ਼ਕਾਰੀ ਕਰੇਗਾ।
ਗੁਰਮੀਤ ਸਿੰਘ ਸਿੱਧੂ ਫਰੀਦਕੋਟ।
8146593089

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਮੋਕਲਾ...**
ਅਸਹਿਜ ਵਿਅਕਤੀ ਅਕਸਰ ਹੱਠੀ ਸੁਭਾਅ ਦਾ ਹੁੰਦੈ। ਜ਼ਿੰਦਗੀ 'ਚ ਮੋਕਲਾ ਪਣ ਰਹੇ ਤਾਂ ਫੈਸਲੇ ਲੈਣ 'ਚ ਦਿੱਕਤ ਨਹੀਂ ਆਉਂਦੀ। ਮਨ ਵੀ ਹਲਕਾ ਰਹਿੰਦੈ॥ ਰਿਸ਼ਤਿਆਂ ਦੇ ਨਿਭਾਅ ਵੇਲੇ ਮੋਕਲੇਪਣ ਦਾ ਅਹਿਸਾਸ ਰਹੇ ਤਾਂ ਇੱਕ ਦੂੱਜੇ ਦੀ ਗੱਲ ਮੰਨਣੀ ਸੌਖੀ ਰਹਿੰਦੀ ਹੈ। ਵਿਸ਼ਵਾਸ਼ ਭੰਗ ਨਹੀਂ ਹੁੰਦਾ॥ ਸਵੈ ਚਿੰਤਨ ਕਰਦਿਆਂ ਸਹਿਜ ਰਹੋ। ਦੂਰ ਅੰਦੇਸ਼ੀ ਸੋਚ ਅਪਣਾ ਕੇ ਰੱਖੋ। ਹੱਠ ਨੇੜੇ ਤੇੜੇ ਵੀ ਨਹੀਂ ਆਉਂਦਾ॥

**ਬੰਦਗੀ...**
'ਓਸ' ਦੀ ਬੰਦਗੀ ਕਰਨਾ ਮੈਡੀਟੇਸ਼ਨ ਹੀ ਹੁੰਦੈ। ਭਜਨ ਬੰਦਗੀ 'ਚ ਸਵੈ ਚਿੰਤਨ ਦਾ ਵੀ ਖਿਆਲ ਕਰਦੇ ਰਹੋ ਤਾਂ ਸਹਿਜਤਾ ਦਾ ਆਲਮ ਬਣਿਆ ਰਹਿੰਦੈ॥ ਜ਼ਿੰਦਗੀ ਨੂੰ ਸ਼ਾਂਤ ਚਿੱਤ ਰਹਿਣ ਲਈ ਬੰਦਗੀ ਕਰਨਾ ਤਾਂ ਸਹੀ ਪਰ ਆਤਮਾਂ ਦੀ ਮੁਕਤੀ ਲਈ ਬੰਦਗੀ ਦਾ ਰਾਹ ਅਕਸਰ ਉਲਝਣਾਂ ਹੀ ਪੈਦਾ ਕਰਦੈ॥ ਇਕਾਗਰਤਾ ਅਤੇ ਠਹਿਰਾਓ ਬਣਾਉਂਦੀ ਬੰਦਗੀ ਜ਼ਿੰਦਗੀ 'ਚ ਖੁਸ਼ੀਆਂ ਦੀ ਬਰਕਤ ਕਰਦੀ ਰਹਿੰਦੀ ਹੈ॥

**ਬਹਾਲ...**
ਖੁੱਦ ਦੀਆਂ ਨਜ਼ਰਾਂ 'ਚ ਬਹਾਲ ਰਹੋ। ਦੁਨੀਆਂ ਦੁਆਰਾ ਬਹਾਲੀ ਦਾ ਸਰਟੀਫਿਕੇਟ ਲੈਣ ਦੇ ਚੱਕਰਾਂ 'ਚ ਤਾਂ ਅਨੇਕਾ ਜ਼ਿੰਦਗੀਆਂ ਹੀ ਖਤਮ ਹੋ ਗਈਆਂ ਨੇ॥
ਮਨ ਮਸਤਕ ਨੂੰ ਬਹਾਲ ਰੱਖਣ ਲਈ ਅਕਾਂਕਸ਼ਾਵਾਂ 'ਤੇ ਕਾਬੂ ਰੱਖਣਾ ਹੀ ਪੈਣੈ। ਲਾਲਚਾਂ ਦੇ ਬੱਸ ਪਿਆ ਮਨੁੱਖ ਕੋਝੇ ਖ਼ਲਜਗਣ 'ਚ ਹੀ ਉਲਝਦੈ॥ ਚਿੰਤਕ ਰਹਿ ਸਿੱਧੀ ਨੀਤ ਨਾਲ ਸੱਚੀ ਸੁੱਚੀ ਮਿਹਨਤ ਕਰਨ 'ਚ ਜੁੱਟੇ ਰਹੋ। ਜ਼ਿੰਦਗੀ ਭਰ ਬਹਾਲ ਰਹੋਂਗੇ॥

**ਚਤਰਾਈ...**
ਆਪਣਿਆ ਨਾਲ ਚਤਰਾਈ ਕਰਨ ਦੀ ਆਦਤ ਬੇਲੋੜੇ ਲਾਲਚਾਂ ਦੀ ਭੱਠੀ 'ਚ ਝੋਕ ਦਿੰਦੀ ਹੈ॥ਚਤਰਾਈ ਬੁਰੀ ਨਹੀਂ ਬਸ਼ਰਤ ਚਤਰਾਈ ਦਾ ਇਸਤੇਮਾਲ ਸੁਆਰਥੀ ਤੱਤਾਂ 'ਚ ਨਾ ਲਿਬੜਿਆ ਹੋਵੇ॥ ਹਰ ਪੈਰ 'ਤੇ ਚਤਰਾਈ ਕਰਨ ਦੀ ਆਦਤ ਚੰਗੀ ਨਹੀਂ। ਮਿੱਤਰ ਘਟਣ ਲੱਗ ਪੈਂਦੇ ਨੇ ਅਤੇ ਫਿਰ ਪਛਤਾਵਾ ਘੇਰਾ ਪਾਉਣ ਲੱਗ ਪੈਂਦੈ॥

ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

ਲੇਖਕ ਆਪਣੀਆਂ ਰਚਨਾਵਾਂ
ਇਸ ਨੰਬਰ ਤੇ ਭੇਜ ਸਕਦੇ ਹਨ
+91 98155 61022

## ਪੰਜਾਬ ਦੇ ਆਰਮੀ ਸਕੂਲਾਂ 'ਚ ਪੰਜਾਬੀ ਨੂੰ ਹਾਸ਼ੀਏ 'ਤੇ ਧਕੇਲ ਕੇ ਸੰਸਕ੍ਰਿਤ ਦੀ ਪੜ੍ਹਾਈ ਸ਼ੁਰੂ



ਪੰਜਾਬ ਵਿੱਚ ਸਥਿਤ ਆਰਮੀ ਪਬਲਿਕ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਨੂੰ ਹਾਸ਼ੀਏ 'ਤੇ ਧਕੇਲ ਕੇ ਸੰਸਕ੍ਰਿਤ ਦੀ ਲਾਜ਼ਮੀ ਪੜ੍ਹਾਈ ਅੱਜ ਮਿਤੀ ਪੰਜ ਮਈ ਤੋਂ ਸ਼ੁਰੂ ਕਰ ਦਿੱਤੀ ਗਈ ਹੈ। ਸੁਸਾਇਟੀ ਵਲੋਂ ਬੱਚਿਆਂ ਦੇ ਮਾਪਿਆਂ ਤੋਂ ਇੱਕ ਡੈਕਲਾਰੇਸ਼ਨ ਉਤੇ ਦਸਤਖ਼ਤ ਕਰਵਾ ਕੇ ਸਹਿਮਤੀ ਲਈ ਜਾ ਰਹੀ ਹੈ ਕੀ ਉਹਨਾਂ ਦੇ ਬੱਚੇ ਪੰਜਾਬੀ ਭਾਸ਼ਾ ਨੂੰ ਐਡੀਸ਼ਨਲ ਵਿਸ਼ੇ ਵਜੋਂ ਪੜ੍ਹਨ ਲਈ ਤਿਆਰ ਹਨ।
ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਦਾ ਇਹ ਫੈਸਲਾ ਨਾ ਸਿਰਫ਼ ਪੰਜਾਬੀ ਭਾਸ਼ਾ ਅਤੇ ਪੰਜਾਬ ਦੇ ਭਾਸ਼ਾ ਕਾਨੂੰਨ-2008 ਦੀ ਉਲੰਘਣਾ ਹੈ, ਸਗੋਂ ਸਿੱਖਿਆ ਨੀਤੀ-2020 ਅਤੇ ਨੈਸ਼ਨਲ ਕਰਿਕੁਲਮ ਫ੍ਰੇਮਵਰਕ ਦੀਆਂ ਭਾਵਨਾਵਾਂ ਦੇ ਵੀ ਖ਼ਿਲਾਫ਼ ਹੈ। ਪੰਜਾਬ ਦੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਤੋਂ ਵਾਂਝਾ ਕਰਨਾ ਬਹੁਤ ਮੰਦਭਾਗਾ ਅਤੇ ਚਿੰਤਾਜਨਕ ਹੈ।ਪੰਜਾਬ ਦੇ ਭਾਸ਼ਾ ਕਾਨੂੰਨ The Punjab Learning of Punjabi and other Languages (Amendment) Act -2008 ਅਨੁਸਾਰ ਪੰਜਾਬ ਦੇ ਹਰ ਸਕੂਲ ਵਿੱਚ ਦਸਵੀਂ ਜਮਾਤ ਤੱਕ ਪੰਜਾਬੀ ਭਾਸ਼ਾ ਦੀ ਪੜ੍ਹਾਈ ਲਾਜ਼ਮੀ ਹੈ, ਪਰ ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ (AWES) ਵੱਲੋਂ ਜਾਰੀ ਕੀਤੇ ਸਰਕੂਲਰ ਵਿੱਚ ਪੰਜਾਬੀ ਨੂੰ ਇੱਕ ਅਤਿਰਿਕਤ (Additional) ਭਾਸ਼ਾ ਵਜੋਂ ਰੱਖ ਕੇ ਸੰਸਕ੍ਰਿਤ ਨੂੰ ਲਾਜ਼ਮੀ ਤੌਰ 'ਤੇ ਪੜ੍ਹਾਉਣਾ ਬੱਚਿਆਂ ਦੇ ਸਿੱਖਣ ਦੇ ਅਧਿਕਾਰਾਂ, ਮਨੋਵਿਗਿਆਨਕ ਆਜ਼ਾਦੀ ਅਤੇ ਉਨ੍ਹਾਂ ਦੀ ਭਾਸ਼ਾਈ ਪਸੰਦ ਨਾਲ ਸਿੱਧਾ ਟਕਰਾਅ ਹੈ।
ਉਨ੍ਹਾਂ ਕਿਹਾ ਕਿ NEP-2020 ਅਤੇ NCF ਦੋਵੇਂ ਹੀ ਬੱਚਿਆਂ ਲਈ Flexible Curriculum, ਮਾਤ ਭਾਸ਼ਾ ਅਧਾਰਿਤ ਸਿੱਖਿਆ ਅਤੇ "R3" ਦੇ ਸਿਧਾਂਤਾਂ ਨੂੰ ਉਤਸ਼ਾਹਿਤ ਕਰਦੇ ਹਨ, ਜਿਸ ਅਨੁਸਾਰ ਵਿਦਿਆਰਥੀਆਂ ਨੂੰ ਆਪਣੀ ਰੁਚੀ ਅਤੇ ਸਥਾਨਕ ਭਾਸ਼ਾਈ ਪਿਛੋਕੜ ਦੇ ਅਨੁਸਾਰ ਵਿਸ਼ਿਆਂ ਦੀ ਚੋਣ ਦੀ ਆਜ਼ਾਦੀ ਹੈ। ਪਰ ਆਰਮੀ ਐਜੂਕੇਸ਼ਨ ਸੁਸਾਇਟੀ ਵੱਲੋਂ ਸਿੱਖਿਆ ਨੀਤੀ ਦੀ ਭਾਵਨਾ ਨੂੰ ਵੀ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।
ਪਤਾ ਲੱਗਾ ਹੈ ਕਿ ਮਾਪਿਆਂ ਵੱਲੋਂ ਵੀ ਇਸ ਮਾਮਲੇ 'ਤੇ ਗੰਭੀਰ ਚਿੰਤਾ ਜਤਾਈ ਜਾ ਰਹੀ ਹੈ ਕਿ ਪੰਜਾਬੀ ਭਾਸ਼ਾ ਨੂੰ ਚੌਥੇ ਵਿਕਲਪ ਵਜੋਂ ਰੱਖਿਆ ਗਿਆ ਹੈ ਅਤੇ ਜੇਕਰ 15 ਤੋਂ ਘੱਟ ਵਿਦਿਆਰਥੀ ਪੰਜਾਬੀ ਚੁਣਦੇ ਹਨ ਤਾਂ ਸਕੂਲ ਪੰਜਾਬੀ ਅਧਿਆਪਕ ਦੀ ਨਿਯੁਕਤੀ ਵੀ ਨਹੀਂ ਕਰੇਗਾ। ਅਜਿਹੇ ਹਾਲਾਤਾਂ ਵਿੱਚ ਵਿਦਿਆਰਥੀਆਂ ਨੂੰ ਪੰਜਾਬੀ ਘਰ ਬੈਠ ਕੇ ਪੜ੍ਹਨ ਲਈ ਮਜਬੂਰ ਹੋਣਾ ਪਵੇਗਾ। ਇਹ ਨੀਤੀ ਸਪੱਸ਼ਟ ਤੌਰ 'ਤੇ ਵਿਦਿਆਰਥੀਆਂ ਦੀ ਭਾਸ਼ਾਈ ਵਿਕਲਪ ਸਿੱਖਿਆ ਨੀਤੀ ਨਾਲ ਵਿਤਕਰਾ ਕਰਦੀ ਹੈ। ਪੰਜਾਬ ਸਰਕਾਰ ਵੀ ਇਸ ਅਨਿਆਂ ਵਿਰੁੱਧ ਚੁੱਪ ਹੈ। ਸੀ.ਬੀ.ਐਸ.ਈ. ਇਹ ਯਕੀਨੀ ਬਣਾਏ ਕਿ ਸਾਰੇ ਸਕੂਲ ਭਾਸ਼ਾ ਨੀਤੀ ਅਤੇ ਸਿੱਖਿਆ ਨੀਤੀ ਦੇ ਨਿਯਮਾਂ ਦੀ ਪਾਲਣਾ ਕਰਨ ਅਤੇ ਪੰਜਾਬ ਵਿੱਚ ਸਥਿਤ ਸਾਰੇ ਆਰਮੀ ਸਕੂਲਾਂ ਵਿੱਚ ਪੰਜਾਬ ਦੇ ਬੱਚਿਆਂ ਲਈ ਪੰਜਾਬੀ ਭਾਸ਼ਾ ਦੀ ਲਾਜ਼ਮੀ ਪੜ੍ਹਾਈ ਨੂੰ ਯਕੀਨੀ ਬਣਾਇਆ ਜਾਵੇ।

## ਵਾਤਾਵਰਨ ਪ੍ਰਦੂਸ਼ਣ ਅਤੇ ਪਲਾਸਟਿਕ ਕਚਰੇ ਦੀ ਸਮਸਿਆ ਡਾ ਅਜੀਤਪਾਲ ਸਿੰਘ ਐੱਮ ਡੀ



ਆਮ ਤੌਰ ਤੇ ਹਵਾ, ਪਾਣੀ, ਬਨਸਪਤੀ ,ਪਸ਼ੂ,ਪੇੜ-ਪੌਦੇ ਅਤੇ ਮਨੁੱਖ ਸਭ ਮਿਲ ਕੇ ਵਾਤਾਵਰਨ ਸਿਰਜਦੇ ਹਨ। ਕੁਦਰਤ ਵਿੱਚ ਇਨ੍ਹਾਂ ਦੀ ਮਾਤਰਾ ਤੇ ਇਨ੍ਹਾਂ ਦੀ ਰਚਨਾ ਕੁਝ ਇਸ ਤਰ੍ਹਾਂ ਹੈ ਕਿ ਧਰਤੀ ਉਪਰ ਇੱਕ ਸੰਤੁਲਤ ਜੀਵਨ ਚਲਦਾ ਰਹੇ। ਇਹ ਕਹਿਣਾ ਕੁਥਾਂਵੇਂ ਨਹੀਂ ਹੋਵੇਗਾ ਇਹ ਪਿਛਲੇ ਕਰੋੜਾਂ ਸਾਲਾਂ ਤੋਂ ਜਦੋਂ ਤੋਂ ਧਰਤੀ ਤੇ ਮਾਨਵ ਪਸ਼ੂ,ਪੰਛੀ ਤੇ ਹੋਰ ਜੀਵ ਜੰਤੂ ਖਪਤਕਾਰ ਬਣ ਕੇ ਆਏ ਉਦੋਂ ਤੋਂ ਹੁਣ ਤੱਕ ਕੁਦਰਤ ਦਾ ਇੱਕ ਚੱਕਰ ਬੇਰੋਕ ਰਫ਼ਤਾਰ ਨਾਲ ਚਲਿਆ ਆ ਰਿਹਾ ਹੈ। ਪਿਛਲੇ ਕਰੀਬ ਸੌ ਸਾਲਾਂ ਤੋਂ ਵਿਗਿਆਨ ਦੀਆਂ ਨਵੀਆਂ ਨਵੀਆਂ ਖੋਜਾਂ ਦੇ ਨਾਲ ਮਨੁੱਖ ਨੇ ਵਿਕਾਸ ਦੇ ਨਵੇਂ ਤਰੀਕੇ ਅਪਣਾਏ। ਉਸ ਨਾਲ ਜਿੱਥੇ ਸੁੱਖ ਸਹੂਲਤਾਂ ਚ ਵਾਧਾ ਹੋਇਆ, ਉਥੇ ਕਈ ਸਮੱਸਿਆਵਾਂ ਵੀ ਪੈਦਾ ਹੋਈਆਂ। ਇਸ ਨਾਲ ਮਨੁੱਖ ਨੂੰ ਨਹੀਂ ਸਾਰੇ ਵਾਤਾਵਰਣ ਨੂੰ ਹੀ ਸੰਕਟ ਵਿੱਚ ਪਾ ਦਿੱਤਾ ਹੈ। ਇਸ ਸੰਕਟ ਤੇ ਸਮੱਸਿਆਵਾਂ ਇਸ ਇਕ ਪ੍ਰਕਾਰ ਦੀਆਂ ਨਹੀਂ ਬਲਕਿ ਕਈ ਪ੍ਰਕਾਰ ਦੀਆਂ ਹਨ। ਇਨ੍ਹਾਂ ਚ ਰੋਜ਼ਮੱਰਾ ਦੀ ਜ਼ਿੰਦਗੀ ਤੇ ਕਾਰਖਾਨਿਆਂ ਤੋਂ ਨਿਕਲਣ ਵਾਲੀ ਕਚਰੇ ਨਾਲ ਵਧਦਾ ਸੰਕਟ ਤੇ ਸਮੱਸਿਆਵਾਂ ਪ੍ਰਮੁੱਖ ਹਨ। ਕਚਰੇ ਦੀ ਸਮਸਿਆ ਸਿਰਫ਼ ਭਾਰਤ ਤਕ ਹੀ ਸੀਮਤ ਨਹੀਂ ਹੈ ਬਲਕਿ ਵਿਕਸਤ ਤੇ ਵਿਕਾਸਸ਼ੀਲ ਦੋਨੋਂ ਕਿਸਮ ਦੇ ਦੇਸ਼ਾਂ ਦੀ ਹੈ। ਇਹ ਕਚਰੇ ਵਾਤਾਵਰਨ ਦੇ ਕਈ ਰੂਪਾਂ ਤੇ ਅਸਰ ਪਾਉਂਦੇ ਹਨ। ਇਸ ਲਈ ਇਨ੍ਹਾਂ ਨੂੰ ਸਮੁੱਚੇ ਤੌਰ ਤੇ ਸਮਝਣਾ ਜ਼ਰੂਰੀ ਹੈ। ਸੰਸਾਰ ਦੇ ਬਹੁਤੇ ਦੇਸ਼ਾਂ ਵਿੱਚ ਅਣਵਿਕ, ਕਾਰਬਨਿਕ ਤੇ ਪਲਾਸਟਿਕ ਦੇ ਕਚਰੇ ਦੀ ਸਮੱਸਿਆ ਸਭ ਤੋਂ ਵੱਧ ਵਿਸ਼ਾਲ ਹੈ। ਵਿਕਸਿਤ ਦੇਸ਼ਾਂ ਤੋਂ ਇਲੈਕਟ੍ਰੋਨਿਕ ਕਚਰਾ ਵਿਕਾਸਸ਼ੀਲ ਦੇਸ਼ਾਂ ਵਿੱਚ ਜਿੱਥੇ ਖਪਾਉਣ ਦੀਆਂ ਸਕੀਮਾਂ ਵੱਡੇ ਪੱਧਰ ਤੇ ਚੱਲ ਰਹੀਆਂ ਹਨ, ਉੱਥੇ ਪਲਾਸਟਿਕ ਦਾ ਕਰੋੜਾਂ ਟਨ ਕਚਰਾ ਵੀ ਲਗਾਤਾਰ ਖਪਾਇਆ ਜਾ ਰਿਹਾ ਹੈ। ਜ਼ਿਆਦਾਤਰ ਦੇਸ਼ਾਂ ਚ ਵਿਗਿਆਨ ਵਿਧੀਆਂ ਨਾਲ ਕਚਰਾ ਖਪਾਉਣ ਦੀ ਬਜਾਏ ਸਿਰਫ਼ ਰਸਮ ਅਦਾਇਗੀ ਵਜੋਂ ਇਹ ਕੰਮ ਕੀਤਾ ਜਾ ਰਿਹਾ ਹੈ। ਕਹਿਣ ਨੂੰ ਤਾਂ ਨਵੀਂ ਤਕਨੀਕ ਨਾਲ ਕਚਰੇ ਦੀ ਵਰਤੋਂ ਕੀਤੀ ਜਾਣ ਲੱਗੀ ਹੈ ਪਰ ਹਕੀਕਤ ਕੁਝ ਹੋਰ ਹੀ ਹੈ। ਅੱਜ ਪਲਾਸਟਿਕ ਮਨੁੱਖੀ ਜੀਵਨ ਦੀ ਇੱਕ ਅਟੁੱਟ ਜਰੂਰਤ ਬਣ ਗਈ ਹੈ। ਅਜਿਹਾ ਲੱਗਦਾ ਹੈ ਕਿ ਇਸ ਬਿਨਾਂ ਸੌਖ ਨਾਲ ਜ਼ਿੰਦਗੀ ਗੁਜ਼ਾਰੀ ਨਹੀਂ ਜਾ ਸਕਦੀ। ਯਾਨੀ ਜ਼ਿੰਦਗੀ ਦੀ ਜਰੂਰਤ ਦੇ ਹਰ ਪੱਖ ਤੇ ਅੱਜ ਪਲਾਸਟਿਕ ਸਭ ਤੋਂ ਵੱਡੀ ਲੋੜ ਬਣ ਗਈ ਹੈ। ਪਰ ਬੇਕਾਰ ਪਲਾਸਟਿਕ ਨੂੰ ਖਪਾਉਂਣ ਦੀ ਜੋ ਸਮਸਿਆ ਸਾਡੇ ਸਾਹਮਣੇ ਹੈ, ਉਹ ਕੋਈ ਘੱਟ ਚਿੰਤਾ ਦਾ ਵਿਸ਼ਾ ਨਹੀਂ ਹੈ। ਕਿਉਂਕਿ ਪਲਾਸਟਿਕ ਦੇ ਇਸ ਕਚਰੇ ਨਾਲ ਪਾਣੀ, ਹਵਾ, ਮਿੱਟੀ ਦੇ ਪ੍ਰਦੂਸ਼ਣ ਦੀ ਸਮੱਸਿਆ ਤਾਂ ਵੱਧ ਹੀ ਰਹੀ ਹੈ ਬਲਕਿ ਕਈ ਤਰ੍ਹਾਂ ਦੇ ਰੋਗਾਂ ਦਾ ਕਾਰਨ ਵੀ ਬਣਦੀ ਜਾ ਰਹੀ ਹੈ। ਆਣਵਿਕ ਕਚਰੇ ਨੂੰ ਛੱਡ ਵੀ ਦਿੱਤਾ ਜਾਏ ਤਾਂ ਵੀ ਪਲਾਸਟਿਕ ਕਚਰੇ ਤੋਂ ਮਨੁੱਖੀ ਸਭਿਅਤਾ ਲਈ ਹੀ ਸੰਕਟ ਪੈਦਾ ਹੋਣ ਲੱਗਿਆ ਹੈ। ਇਹ ਚਿੰਤਾ ਦੀ ਗੱਲ ਹੈ। ਭਾਰਤ ਵਿੱਚ ਸਭ ਤੋਂ ਵੱਧ ਕਚਰਾ ਪਲਾਸਟਿਕ ਤੋਂ ਬਣੀਆਂ ਵਸਤੂਆਂ (ਘਰੇਲੂ ਚੀਜ਼ਾਂ) ਤੋਂ ਪੈਦਾ ਹੁੰਦਾ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਵਲੋਂ ਪਿੱਛੇ ਜਿਹੇ ਕਰਵਾਏ ਇੱਕ ਸਰਵੇਖਣ ਮੁਤਾਬਕ ਦੇਸ਼ ਭਰ ਚ ਹਰ ਚਾਲ ਸਿਰਫ਼ ਪਲਾਸਟਿਕ ਦਾ ਹੀ 2.2 ਕਰੋੜ ਟਨ ਕਚਰਾ ਨਿਕਲਦਾ ਹੈ। ਜੇ ਅੰਕੜੇ ਵੇਖੀਏ ਤਾਂ 15 ਕਰੋੜ 34 ਲੱਖ 2 ਹਜ਼ਾਰ,46 ਟਨ ਕਚਰਾ ਰੋਜ਼ਾਨਾ ਨਿਕਲਦਾ ਹੈ। ਇਸ ਵਿੱਚੋਂ ਸਿਰਫ਼ ਨੌਂ ਹਜਾਰ ਦੋ ਸੌ ਪੰਜ ਟਨ ਕਚਰਾ ਹੀ ਵੱਖ ਵੱਖ ਕੰਮਾਂ ਚ ਵਰਤਿਆ ਜਾਂਦਾ ਹੈ ਬਾਕੀ ਛੇ ਹਜਾਰ ਇੱਕ ਸੌ ਸੈਂਤੀ ਟਨ ਇੱਧਰ ਉਧਰ ਖਿੰਡਿਆ ਪਿਆ ਰਹਿੰਦਾ ਹੈ। ਦਿੱਲੀ ਵਿੱਚ ਹੀ 689.5 ਪਲਾਸਟਿਕ ਦਾ ਕਚਰਾ ਨਿਕਲਦਾ ਹੈ, ਜਿਸ ਵਿੱਚੋਂ 275.5 ਟਨ ਰੀਸਾਇਕਲ ਨਹੀਂ ਹੋ ਸਕਦਾ ਹੈ। ਇਸ ਤਰ੍ਹਾਂ ਚੇਨਈ ਵਿੱਚੋਂ 429.4 ਟਨ ਕਚਰਾ ਰੋਜ਼ਾਨਾ ਨਿਕਲਦਾ ਹੈ ਜਿਸ ਵਿੱਚੋਂ 176.6 ਟਨ ਰੀਸਾਇਕਲ ਨਹੀਂ ਹੋ ਪਾਂਦਾ। ਮੁੰਬਈ ਚ 425.7 ਟਨ ਕਚਰਾ ਰੋਜ਼ਾਨਾ ਨਿਕਲਦਾ ਹੈ, ਜਿਸ ਵਿੱਚੋਂ 163.3 ਟਨ ਰੀਸਾਇਕਲ ਨਹੀਂ ਹੋ ਪਾਉਂਦਾ। ਇਸ ਤਰ੍ਹਾਂ ਕੋਲਕਾਤਾ ਤੋਂ 408.3 ਟਨ ਕਚਰਾ ਨਿਕਲਦਾ ਹੈ ਜਿਸ ਵਿੱਚੋਂ ਕੇਵਲ 170 ਟਨ ਨੂੰ ਹੀ ਵਰਤੋਂ ਚ ਲਿਆਂਦਾ ਜਾਂਦਾ ਹੈ। ਬਾਕੀ ਇਧਰ ਉਧਰ ਖਿੰਡਿਆ ਪਿਆ ਰਹਿੰਦਾ ਹੈ। ਇਸ ਤੋਂ ਇਹ ਮੰਨਿਆ ਜਾ ਸਕਦਾ ਹੈ ਕਿ ਵਾਤਾਵਰਨ ਪ੍ਰਦੂਸ਼ਨ ਵਿੱਚ ਪਲਾਸਟਿਕ ਦਾ ਕਚਰਾ ਕਿੰਨਾ ਅਹਿਮ ਪ੍ਰਦੂਸ਼ਕ ਕਾਰਕ ਹੈ। ਇਸ ਦੇ ਬਾਵਜੂਦ ਪਲਾਸਟਿਕ ਦੀ ਵਰਤੋਂ ਰੋਜ਼ਾਨਾ ਜ਼ਿੰਦਗੀ ਚ ਘਟਣ ਦੀ ਥਾਂ ਨਿਰੰਤਰ ਵਧ ਰਹੀ ਹੈ। ਪਲਾਸਟਿਕ ਦੀ ਵਧਦੀ ਵਰਤੋਂ ਅਤੇ ਇਸ ਦੀ ਰਹਿੰਦ ਖੂੰਹਦ ਦੀ ਵਰਤੋਂ ਲਈ ਕੇਂਦਰ ਸਰਕਾਰ ਨੇ ਦੇਸ਼ ਦੀਆਂ ਕਈ ਥਾਵਾਂ ਤੇ ਕਾਰਖਾਨੇ ਲਾਏ ਹਨ ਪਰ ਇਸ ਦੇ ਬਾਵਜੂਦ ਪਲਾਸਟਿਕ ਕਚਰੇ ਤੇ ਵਾਤਾਵਰਨ ਉਪਰ ਜੋ ਡੂੰਘਾ ਅਸਰ ਪੈ ਰਿਹਾ ਹੈ, ਉਹ ਬੇਹੱਦ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਦਿੱਲੀ ਸਮੇਤ ਦੇਸ਼ ਦੇ ਮਹਾਂਨਗਰਾਂ ਵਿੱਚ ਵਾਤਾਵਰਨ ਅਤੇ ਸਿਹਤ ਦੀਆਂ ਵਧਦੀਆਂ ਸਮਸਿਆਵਾਂ ਨੂੰ ਵੇਖੀਏ ਤਾਂ ਪਤਾ ਲੱਗ ਜਾਵੇਗਾ ਕਿ ਕਿਸ ਹੱਦ ਤੱਕ ਅਸੀਂ ਪਲਾਸਟਿਕ ਕਚਰੇ ਦੀ ਮਾਰ ਹੇਠ ਆ ਚੁੱਕੇ ਹਾਂ। ਵਿਗਿਆਨ ਮੁਤਾਬਕ ਪਲਾਸਟਿਕ ਦੇ ਕਚਰੇ ਦੀਆਂ ਕਈ ਕਿਸਮਾਂ ਹਨ ਜੋ ਸਿਹਤ ਅਤੇ ਡੂੰਘਾ ਅਸਰ ਪਾਉਂਦੀਆਂ ਹਨ। ਰੋਜ਼ਮਰਾ ਦੀ ਜਿੰਦਗੀ ਵਿੱਚ ਪੀਣ ਵਾਲੇ ਪਾਣੀ ਦੀ ਬੋਤਲ ਨੂੰ ਹੀ ਲਓ। ਇਸ ਨੂੰ ਪੋਲੀਕਾਰਬੋਨੇਟ ਵਿਦ ਬਿਸਫੇਨਲ ਦੇ ਤਹਿਤ ਰੱਖਿਆ ਗਿਆ ਹੈ। ਰੇਲਵੇ ਜਾਂ ਸੜਕੀ ਸਫ਼ਰ ਦੌਰਾਨ ਅਸੀਂ ਇਸ ਨੂੰ ਵਰਤ ਕੇ ਇਉਂ ਹੀ ਸੁੱਟ ਦਿੰਦੇ ਹਾਂ। ਇਹ ਹੌਲੀ ਹੌਲੀ ਨਦੀਆਂ, ਤਲਾਬਾਂ ਤੇ ਨਹਿਰਾਂ ਵਿੱਚ ਪਹੁੰਚ ਜਾਂਦੀ ਹੈ, ਜਿਸ ਨਾਲ ਜੋ ਪ੍ਰਦੂਸ਼ਣ ਹੁੰਦਾ ਹੈ ਉਸ ਨਾਲ ਕੈਂਸਰ ਸਮੇਤ ਹੋਰ ਅਨੇਕਾਂ ਰੋਗ ਹੋਣ ਦੀ ਸੰਭਾਵਨਾ ਕਈ ਗੁਣਾ ਵੱਧ ਜਾਂਦੀ ਹੈ। ਕਿਸ ਹੱਦ ਤੱਕ ਪਲਾਸਟਿਕ ਦਾ ਕਚਰਾ ਸਾਡੇ ਵਿਨਾਸ਼ ਤੇ ਸੰਕਟ ਬਣ ਸਕਦਾ ਹੈ, ਉਸ ਨੂੰ ਇਸ ਮਿਸਾਲ ਨਾਲ ਸਮਝਿਆ ਜਾ ਸਕਦਾ ਹੈ ਕਿ ਸਿਰਫ਼ ਪਲਾਸਟਿਕ ਦੀਆਂ ਚੀਜ਼ਾਂ ਦੀ ਵਰਤੋਂ ਨਾਲ ਹੀ ਕਈ ਭਿਅੰਕਰ ਰੋਗ ਪੈਦਾ ਹੋਣ ਲੱਗੇ ਹਨ ਕਿਵੇਂ ਪਲਾਸਟਿਕ ਪੋਲੀਵਿਨਾਇਲ ਕਲੋਰਾਈਡ ਵਾਲੀਆਂ ਚੀਜ਼ਾਂ ਜਾਂ ਇਸ ਦੇ ਕਚਰੇ ਨਾਲ ਬੋਲਾਪਣ,ਜਿਗਰ ਖਰਾਬ ਹੋਣਾ,ਕੈਂਸਰ ਆਦਿ ਦਾ ਖਤਰਾ ਵਧ ਜਾਂਦਾ ਹੈ। ਇਸ ਤਰ੍ਹਾਂ ਪਾਲੀਯੂਰੇਥੇਨ ਫੋਮ ਜਾਂ ਇਸ ਦੇ ਕਚਰੇ ਨਾਲ ਬਰੌਂਕਾਇਟਿਸ (ਨਿਰੰਤਰ ਖਾਂਸੀ), ਚਮੜੀ ਰੋਗ ਤੇ ਅੱਖਾਂ ਦੀਆਂ ਬਿਮਾਰੀਆਂ ਹੋ ਜਾਂਦੀਆਂ ਹਨ। ਜਿਸ ਵਿੱਚ ਇੰਮਲਸ਼ਨ ਪੇਂਟ, ਫੁੱਟ ਵੀਅਰ, ਬੱਚਿਆਂ ਦੀਆਂ ਵਸਤਾਂ, ਬਲੱਡ ਬੈਗ ਤੇ ਮੈਡੀਕਲ ਦਾ ਸਾਜ਼ੋ ਸਾਮਾਨ ਆਉਂਦੇ ਹਨ, ਦੀ ਵਰਤੋਂ ਨਾਲ ਦਮੇ ਦੀ ਬੀਮਾਰੀ, ਹਾਰਮੋਨਲ ਤਬਦੀਲੀਆਂ ਤੇ ਤਣਾਅ ਦੇ ਰੋਗ ਵਧ ਜਾਂਦੇ ਹਨ। ਇਹ ਕੁਝ ਮਿਸਾਲਾਂ ਹਨ ਜੋ ਪਲਾਸਟਿਕ ਦੇ ਕਚਰੇ ਜਾਂ ਪਲਾਸਟਿਕ ਨਾਲ ਹੋਣ ਵਾਲੀਆਂ ਸਿਹਤ ਸਬੰਧੀ ਗੱਲਾਂ ਤੇ ਅਧਾਰਤ ਹਨ। ਦਿੱਲੀ ਵਿੱਚ ਪਲਾਸਟਿਕ ਦੇ ਕਚਰੇ ਤੇ ਹੋਰ ਕਿਸਮ ਦੇ ਕਚਰਿਆਂ ਨਾਲ ਹੋਣ ਵਾਲੇ ਪ੍ਰਦੂਸ਼ਣ ਸਬੰਧੀ ਸੁਪਰੀਮ ਕੋਰਟ, ਲੋਕ ਨਿਰਮਾਣ ਵਿਭਾਗ, ਐਮਸੀਡੀ ਤੇ ਸੀਪੀਸੀਡੀ ਹਦਾਇਤਾਂ ਜਾਰੀ ਕਰ ਚੁੱਕੇ ਹਨ ਪਰ ਇਨ੍ਹਾਂ ਦੀ ਪਾਲਣਾ ਕਿੰਨੀ ਹੋ ਰਹੀ ਹੈ ਇਹ ਆਪਾਂ ਸਾਰੇ ਜਾਣਦੇ ਹਾ। 2011ਵਿੱਚ ਪਲਾਸਟਿਕ ਦੇ ਕਚਰੇ ਬਾਰੇ ਕੁਝ ਨਿਯਮ ਬਣਾਏ ਗਏ ਸਨ। ਪਲਾਸਟਿਕ ਦੇ ਕਾਰਖਨਿਆਂ ਲਈ ਵੀ ਨਿਯਮ ਬਣਾਏ ਗਏ। ਕਚਰੇ ਤੋਂ ਬਿਜਲੀ ਪੈਦਾ ਕਰਨ ਦੇ ਵਿਕਲਪ ਸਮੇਤ ਕਈ ਉਪਾਵਾਂ ਤੇ ਵਿਚਾਰ ਕੀਤਾ ਗਿਆ ਪਰ ਅਜੇ ਤਕ ਇਹ ਉਨੇ ਕਾਰਗਰ ਨਹੀਂ ਜਿੰਨੇ ਹੋਣੇ ਚਾਹੀਦੇ ਸਨ। ਪਲਾਸਟਿਕ ਦੇ ਕਚਰੇ ਨਾਲ ਪੈਦਾ ਹੋਣ ਵਾਲੇ ਰੋਗਾਂ ਨੂੰ ਵੇਖਦਿਆਂ 'ਕੈਗ" ਨੇ ਵੀ ਕੁਝ ਸੁਝਾਅ ਦਿੱਤੇ ਹਨ ਇਨ੍ਹਾਂ ਸੁਝਾਵਾਂ ਮੁਤਾਬਿਕ ਪਲਾਸਟਿਕ ਦੀਆਂ ਕਿਸਮਾਂ, ਗੁਣਵੱਤਾ, ਸੁਰੱਖਿਆ ਦੇ ਨਜ਼ਰੀਏ ਤੋਂ ਇਸ ਦਾ ਡਾਟਾ ਤਿਆਰ ਕਰਨਾ,ਨੀਤੀ ਤਹਿ ਕਰਨ, ਬੁਲੇਟਿਨ ਅਤੇ ਯੋਜਨਾ ਉੱਪਰ ਖੋਜ ਨੂੰ ਹੱਲਾਸ਼ੇਰੀ ਦੇਣ ਵਰਗੀਆਂ ਗੱਲਾਂ ਨੂੰ ਸ਼ਾਮਲ ਕੀਤਾ ਗਿਆ। ਇਸ ਨਾਲ ਪਲਾਸਟਿਕ ਦੇ ਕਚਰੇ ਕਰਕੇ ਪੈਦਾ ਸਮੱਸਿਆਵਾਂ ਨੂੰ ਵੀ ਕਾਫੀ ਹੱਦ ਤੱਕ ਦੂਰ ਕੀਤਾ ਜਾ ਸਕਦਾ ਹੈ। ਦਿੱਲੀ ਨਗਰ ਨਿਗਮ ਤੇ ਦੇਸ਼ ਦੇ ਹੋਰ ਵੱਡੇ ਸ਼ਹਿਰਾਂ ਦੇ ਨਗਰ ਨਿਗਮਾਂ ਨੇ ਵੀ ਪਲਾਸਟਿਕ ਦੇ ਕਚਰੇ ਨਾਲ ਨਿਪਟਣ ਲਈ ਕੁਝ ਕਾਰਜ ਯੋਜਨਾਵਾਂ ਬਣਾਈਆਂ ਹੋਈਆਂ ਹਨ। ਵਾਤਾਵਰਨ ਚ ਕਾਰਬਨ ਤੇ ਹੋਰ ਜ਼ਹਿਰੀਲੀਆਂ ਗੈਸਾਂ ਦੇ ਵਧ ਖਤਰੇ ਕਾਰਨ ਪਲਾਸਟਿਕ ਦੇ ਬੈਗਾਂ ਨੂੰ ਨਾ ਸਾੜਨ, ਜਨਤਕ ਥਾਵਾਂ ਤੋਂ ਪਲਾਸਟਿਕ ਕਚਰਾ ਇਕੱਠਾ ਕਰਨ, ਪਲਾਸਟਿਕ ਨਾਲ ਸੜਕਾਂ ਉਸਾਰਨੀਆਂ,ਸਨਅਤੀ ਕਚਰੇ ਦਾ ਸਹੀ ਪ੍ਰਬੰਧ ਕਰਨ ਤੇ ਜਾਗਰੂਕਤਾ ਮੁਹਿੰਮ ਚਲਾ ਕੇ ਉਸ ਦੇ ਖਤਰਿਆਂ ਬਾਰੇ ਲੋਕਾਂ ਨੂੰ ਸੁਚੇਤ ਕਰਨ ਵਰਗੇ ਕੰਮ ਕਰਕੇ ਵਾਤਾਵਰਣ ਨੂੰ ਹੋਣ ਵਾਲੇ ਕੁੱਝ ਨੁਕਸਾਨ ਨੂੰ ਬਚਾਇਆ ਜਾ ਸਕਦਾ ਹੈ। ਵਿਗਿਆਨੀਆਂ ਮੁਤਾਬਕ ਪਲਾਸਟਿਕ ਦੀਆਂ ਕੁਝ ਕਿਸਮਾਂ ਅਜੇਹੀਆਂ ਹਨ ਜੋ ਤਿੰਨ ਸੌ ਸਾਲਾਂ ਤਕ ਆਪਣੀ ਬੁਨਿਆਦੀ ਹਾਲਤ ਵਿਚ ਬਣੀਆਂ ਰਹਿੰਦੀਆਂ ਹਨ। ਉਦੋਂ ਤਕ ਇਹ ਵਾਤਾਵਰਨ ਦੂਸ਼ਿਤ ਕਰਨ ਦੇ ਨਾਲ ਨਾਲ ਅਨੇਕਾਂ ਰੋਗਾਂ ਨੂੰ ਪੈਦਾ ਕਰਨ ਦਾ ਕਾਰਕ ਵੀ ਬਣਦੀਆਂ ਹਨ। ਪ੍ਰਦੂਸ਼ਣ ਰੋਕਣ ਦਾ ਸਭ ਤੋਂ ਕਾਰਗਰ ਤਰੀਕਾ ਇਹ ਹੈ ਕਿ ਪਲਾਸਟਿਕ ਦੀ ਵਰਤੋਂ ਘੱਟੋ ਘੱਟ ਕੀਤੀ ਜਾਵੇ। ਇਸ ਨਾਲ ਵਾਤਾਵਰਨ ਦੀ ਰਾਖੀ ਹੋਵੇਗੀ ਤੇ ਇਸ ਦੀ ਵਰਤੋਂ ਨਾਲ ਹੋਣ ਵਾਲੇ ਰੋਗਾਂ ਤੋਂ ਬਚਿਆ ਜਾ ਸਕਦਾ ਹੈ।

*ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ
9815629301

**ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ**

## ਬੋਤਲ ਕੀੜੀ ਦੇ ਵਿਕਾਸ ਨੂੰ ਨਵੀਂ ਦਿਸ਼ਾ: ਸਰਪੰਚ ਸੁਜਾਨ ਸਿੰਘ ਦੀ ਚੇਅਰਮੈਨ ਸਤਨਾਮ ਸਿੰਘ ਨਾਲ ਅਹਿਮ ਬੈਠਕ, ਰੁਕੇ ਕੰਮ ਜਲਦ ਸ਼ੁਰੂ ਕਰਨ ਦਾ ਭਰੋਸਾ



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ, 5 ਮਈ।**

ਪਿੰਡ ਦੇ ਸਮੂਹਿਕ ਵਿਕਾਸ ਨੂੰ ਤੇਜ਼ੀ ਦੇਣ ਲਈ ਸਰਪੰਚ ਸੁਜਾਨ ਸਿੰਘ ਵੱਲੋਂ ਬਲਾਕ ਸਮਿਤੀ ਚੇਅਰਮੈਨ ਸਤਨਾਮ ਸਿੰਘ ਨਾਲ ਕੀਤੀ ਗਈ ਮਹੱਤਵਪੂਰਨ ਮੁਲਾਕਾਤ ਦੌਰਾਨ ਪਿੰਡ ਦੇ ਲੰਬੇ ਸਮੇਂ ਤੋਂ ਰੁਕੇ ਹੋਏ ਅਤੇ ਚੱਲ ਰਹੇ ਵਿਕਾਸ ਕਾਰਜਾਂ ‘ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਸਰਪੰਚ ਨੇ ਪਿੰਡ ਵਾਸੀਆਂ ਨੂੰ ਦਰਪੇਸ਼ ਆ ਰਹੀਆਂ ਅਹਿਮ ਸਮੱਸਿਆਵਾਂ ਨੂੰ ਉਭਾਰਦੇ ਹੋਏ ਉਨ੍ਹਾਂ ਦੇ ਤੁਰੰਤ ਨਿਪਟਾਰੇ ਦੀ ਮੰਗ ਕੀਤੀ।

ਮੁਲਾਕਾਤ ਵਿੱਚ ਪਿੰਡ ਦੀਆਂ ਗਲੀਆਂ-ਨਾਲੀਆਂ ਦੀ ਮੁਰੰਮਤ, ਛੱਪੜਾਂ ਦੀ ਸਫਾਈ, ਇੰਟਰਲਾਕ ਟਾਈਲਾਂ ਲਗਾਉਣ, ਪੀਣ ਵਾਲੇ ਸਾਫ਼ ਪਾਣੀ ਦੀ ਉਪਲਬਧਤਾ, ਸਟਰੀਟ ਲਾਈਟਾਂ ਦੀ ਵਿਵਸਥਾ ਅਤੇ ਹੋਰ ਬੁਨਿਆਦੀ ਸਹੂਲਤਾਂ ਸਬੰਧੀ ਵਿਸਥਾਰ ਨਾਲ ਚਰਚਾ ਹੋਈ। ਸਰਪੰਚ ਸੁਜਾਨ ਸਿੰਘ ਨੇ ਦੱਸਿਆ ਕਿ ਕੁਝ ਪ੍ਰਸ਼ਾਸਕੀ ਰੁਕਾਵਟਾਂ ਕਰਕੇ ਕਈ ਜ਼ਰੂਰੀ ਕੰਮ ਅਟਕੇ ਹੋਏ ਹਨ, ਜਿਸ ਨਾਲ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਚੇਅਰਮੈਨ ਸਤਨਾਮ ਸਿੰਘ ਨੇ ਸਰਪੰਚ ਨੂੰ ਭਰੋਸਾ ਦਿਵਾਇਆ ਕਿ ਬੋਤਲ ਕੀੜੀ ਦੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ ‘ਤੇ ਲਿਆਂਦਾ ਜਾਵੇਗਾ ਅਤੇ ਜਲਦ ਹੀ ਰੁਕੇ ਹੋਏ ਪ੍ਰੋਜੈਕਟਾਂ ਨੂੰ ਦੁਬਾਰਾ ਸ਼ੁਰੂ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪਿੰਡਾਂ ਦੀ ਤਰੱਕੀ ਸਰਕਾਰ ਦੀ ਮੁੱਖ ਤਰਜੀਹ ਹੈ ਅਤੇ ਹਰ ਪਿੰਡ ਨੂੰ ਮਾਡਲ ਪਿੰਡ ਬਣਾਉਣ ਲਈ ਸੰਕਲਪਬੱਧ ਤੌਰ ‘ਤੇ ਕੰਮ ਕੀਤਾ ਜਾ ਰਿਹਾ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਸਰਪੰਚਾਂ ਅਤੇ ਪੰਚਾਇਤੀ ਪ੍ਰਤਿਨਿਧੀਆਂ ਨਾਲ ਸਿੱਧਾ ਸੰਪਰਕ ਰੱਖ ਕੇ ਲੋਕਾਂ ਦੀਆਂ ਅਸਲੀ ਸਮੱਸਿਆਵਾਂ ਨੂੰ ਸਮਝਿਆ ਜਾ ਰਿਹਾ ਹੈ, ਤਾਂ ਜੋ ਵਿਕਾਸ ਦੀ ਗਤੀ ਨੂੰ ਹੋਰ ਤੇਜ਼ ਕੀਤਾ ਜਾ ਸਕੇ। ਬੋਤਲ ਕੀੜੀ ਨੂੰ ਵਿਕਾਸ ਦੇ ਮਾਡਲ ਵਜੋਂ ਤਿਆਰ ਕਰਨ ਲਈ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ।

ਇਸ ਮੌਕੇ ਹੋਰ ਪੰਚਾਇਤੀ ਨੁਮਾਇੰਦੇ ਅਤੇ ਇਲਾਕੇ ਦੇ ਮੋਹਤਬਰ ਵਿਅਕਤੀ ਵੀ ਹਾਜ਼ਰ ਸਨ। ਸਭ ਨੇ ਇਕੱਠੇ ਹੋ ਕੇ ਪਿੰਡ ਦੇ ਵਿਕਾਸ ਲਈ ਸਾਂਝੀ ਭੂਮਿਕਾ ਨਿਭਾਉਣ ਦਾ ਵਾਅਦਾ ਕੀਤਾ। ਪਿੰਡ ਵਾਸੀਆਂ ਨੇ ਉਮੀਦ ਜਤਾਈ ਕਿ ਹੁਣ ਵਿਕਾਸ ਕਾਰਜਾਂ ਨੂੰ ਨਵੀਂ ਰਫ਼ਤਾਰ ਮਿਲੇਗੀ ਅਤੇ ਉਨ੍ਹਾਂ ਨੂੰ ਜਲਦੀ ਹੀ ਬਿਹਤਰ ਸਹੂਲਤਾਂ ਪ੍ਰਾਪਤ ਹੋਣਗੀਆਂ।

## ਸ਼ੇਰੋਂ ਖੰਡ ਮਿੱਲ ਦੀ ਮਾਲਕੀ ਬਦਲਣ ਖ਼ਿਲਾਫ਼ ਕਿਸਾਨਾਂ ਦਾ ਗੁੱਸਾ ਭੜਕਿਆ, ਮਰਹਾਣਾ ‘ਚ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ, 5 ਮਈ।**

ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਤਰਨ ਤਾਰਨ ਨਾਲ ਸੰਬੰਧਤ ਵੱਖ-ਵੱਖ ਕਿਸਾਨ ਜਥੇਬੰਦੀਆਂ ਵੱਲੋਂ ਅੱਜ ਸਹਿਕਾਰੀ ਖੰਡ ਮਿੱਲ ਸ਼ੇਰੋਂ ਦੀ ਮਾਲਕੀ ਬਦਲਣ ਦੇ ਵਿਰੋਧ ਵਿੱਚ ਪਿੰਡ ਮਰਹਾਣਾ ਵਿਖੇ ਵੱਡੀ ਇਕੱਤਰਤਾ ਕੀਤੀ ਗਈ। ਇਹ ਇਕੱਠ ਗੁਰਦੁਆਰਾ ਸਮਸੇ ਕੀ ਪੱਤੀ ਵਿਖੇ ਹੋਇਆ, ਜਿਸ ਵਿੱਚ ਕਿਸਾਨਾਂ ਨੇ ਸਰਕਾਰ ਦੇ ਫੈਸਲੇ ਖ਼ਿਲਾਫ਼ ਤਿੱਖਾ ਰੋਸ ਜਤਾਇਆ।

ਮੀਟਿੰਗ ਦੀ ਪ੍ਰਧਾਨਗੀ ਡਾ. ਇੰਦਰਜੀਤ ਸਿੰਘ ਮਰਹਾਣਾ, ਜ਼ਿਲ੍ਹਾ ਪ੍ਰਧਾਨ ਕੁਲ ਹਿੰਦ ਕਿਸਾਨ ਸਭਾ ਨੇ ਕੀਤੀ। ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨਛੱਤਰ ਸਿੰਘ ਪੰਨੂ (ਕਿਰਤੀ ਕਿਸਾਨ ਯੂਨੀਅਨ), ਤਰਸੇਮ ਸਿੰਘ ਲੁਹਾਰ (ਕੌਮੀ ਕਿਸਾਨ ਯੂਨੀਅਨ), ਮਨਜੀਤ ਸਿੰਘ ਬੱਗੂ (ਜਮਹੂਰੀ ਕਿਸਾਨ ਸਭਾ), ਜਗੀਰ ਸਿੰਘ ਗੰਡੀਵਿੰਡ, ਬਚਿੱਤਰ ਸਿੰਘ ਜੌਉਣੇਕੇ, ਮੇਹਰ ਸਿੰਘ ਸਖੀਰਾ (ਬੀਕੇਯੂ ਉਗਰਾਹਾਂ), ਗੁਰਬਚਨ ਸਿੰਘ ਘੜਕਾ ਅਤੇ ਭੁਪਿੰਦਰ ਸਿੰਘ ਪੰਡੋਰੀ ਤਖਤ ਮਲ ਆਦਿ ਨੇ ਪੰਜਾਬ ਸਰਕਾਰ ਦੀ ਨੀਤੀ ਦੀ ਕੜੀ ਨਿੰਦਾ ਕੀਤੀ।

ਬੁਲਾਰਿਆਂ ਨੇ ਕਿਹਾ ਕਿ ਇੱਕ ਪਾਸੇ ਸਰਕਾਰ ਕਿਸਾਨਾਂ ਨੂੰ ਬਦਲਵੀ ਖੇਤੀ ਮਾਡਲ ਅਪਣਾਉਣ ਲਈ ਕਹਿ ਰਹੀ ਹੈ, ਦੂਜੇ ਪਾਸੇ ਸ਼ੂਗਰ ਮਿੱਲਾਂ ਬੰਦ ਕਰਕੇ ਗੰਨੇ ਦੀ ਖੇਤੀ ਨੂੰ ਹੌਂਸਲਾ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਦੋਸ਼ ਲਾਇਆ ਕਿ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਜਬਰਨ ਹਟਾ ਕੇ ਜੇਲ੍ਹਾਂ ਵਿੱਚ ਬੰਦ ਕੀਤਾ ਗਿਆ, ਹਾਲਾਂਕਿ ਜਥੇਬੰਦਕ ਦਬਾਅ ਕਾਰਨ ਉਨ੍ਹਾਂ ਨੂੰ ਰਿਹਾਅ ਕਰਨਾ ਪਿਆ।

ਕਿਸਾਨ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਆਉਣ ਵਾਲੇ ਦਿਨਾਂ ਵਿੱਚ ਮੁੜ ਪੱਕਾ ਮੋਰਚਾ ਲਗਾਇਆ ਜਾਵੇਗਾ ਅਤੇ ਸਰਕਾਰ ਨੂੰ ਮਜਬੂਰ ਕੀਤਾ ਜਾਵੇਗਾ ਕਿ ਸ਼ੇਰੋਂ ਖੰਡ ਮਿੱਲ ਨੂੰ ਮੁੜ ਚਾਲੂ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਨੇ ਗੋਦਾਮ ਬਣਾਉਣ ਤੋਂ ਪਹਿਲਾਂ ਕਿਸੇ ਤਰ੍ਹਾਂ ਦਾ ਸਰਵੇਖਣ ਕਰਨਾ ਵੀ ਜ਼ਰੂਰੀ ਨਹੀਂ ਸਮਝਿਆ, ਜੋ ਕਿ ਕਿਸਾਨਾਂ ਨਾਲ ਧੱਕਾ ਹੈ।

ਪਿੰਡ ਵਾਸੀਆਂ ਨੇ ਵੀ ਇਸ ਸੰਘਰਸ਼ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦਾ ਭਰੋਸਾ ਦਿੱਤਾ। ਇਸ ਮੌਕੇ ਹਰਭਜਨ ਸਿੰਘ ਚੂਸਲੇਵੜ, ਜਸਵਿੰਦਰ ਸਿੰਘ ਮਰਹਾਣਾ, ਸੁਖਦੇਵ ਸਿੰਘ, ਦਿਲਬਾਗ ਸਿੰਘ, ਛਿੰਦਰਜੀਤ ਸਿੰਘ, ਬਿਕਰ ਸਿੰਘ, ਬਲਵਿੰਦਰ ਸਿੰਘ, ਨਿਰੰਜਨ ਸਿੰਘ ਅਤੇ ਹੋਰ ਕਈ ਕਿਸਾਨ ਮੌਜੂਦ ਸਨ।

## ਦਰਬਾਰ ਸਾਹਿਬ ਤਰਨਤਾਰਨ ਵਿਖੇ ਮਿਲਿਆ ਮਾਸੂਮ ਬੱਚਾ, ਵਾਰਸਾਂ ਦੀ ਭਾਲ ਲਈ ਪ੍ਰਸ਼ਾਸਨ ਵਲੋਂ ਅਪੀਲ



ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ, 5 ਮਈ

ਸ੍ਰੀ ਦਰਬਾਰ ਸਾਹਿਬ ਤਰਨਤਾਰਨ ਵਿਖੇ ਅੱਜ ਉਸ ਵੇਲੇ ਸਨਸਨੀ ਫੈਲ ਗਈ ਜਦੋਂ ਪਰਿਕਰਮਾ ਦੇ ਨਜ਼ਦੀਕ ਇੱਕ ਮਾਸੂਮ ਬੱਚਾ ਲਾਵਾਰਿਸ ਹਾਲਤ ਵਿੱਚ ਮਿਲਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਸ੍ਰੀ ਰਾਜੇਸ਼ ਕੁਮਾਰ ਨੇ ਦੱਸਿਆ ਕਿ ਇਹ ਬੱਚਾ 5 ਮਈ ਨੂੰ ਦੁਪਹਿਰ ਕਰੀਬ 12 ਵਜੇ ਦਰਬਾਰ ਸਾਹਿਬ ਵਿਖੇ ਮਿਲਿਆ, ਜਿਸ ਤੋਂ ਬਾਅਦ ਸ਼ਰਧਾਲੂਆਂ ਨੇ ਇਸ ਦੀ ਸੂਚਨਾ ਪ੍ਰਸ਼ਾਸਨ ਨੂੰ ਦਿੱਤੀ।

ਸ੍ਰੀ ਰਾਜੇਸ਼ ਕੁਮਾਰ ਨੇ ਦੱਸਿਆ ਕਿ ਬੱਚਾ ਇਸ ਵੇਲੇ ਜ਼ਿਲ੍ਹਾ ਪ੍ਰਸ਼ਾਸਨ ਦੀ ਨਿਗਰਾਨੀ ਹੇਠ ਪੂਰੀ ਤਰ੍ਹਾਂ ਸੁਰੱਖਿਅਤ ਹੈ। ਉਨ੍ਹਾਂ ਦੱਸਿਆ ਕਿ ਬੱਚੇ ਨੂੰ ਡੀ.ਸੀ. ਕੰਪਲੈਕਸ ਦੀ ਤੀਜੀ ਮੰਜ਼ਿਲ 'ਤੇ ਸਥਿਤ ਕਮਰਾ ਨੰਬਰ 311 ਵਿੱਚ ਰੱਖਿਆ ਗਿਆ ਹੈ। ਬਾਲ ਸੁਰੱਖਿਆ ਵਿਭਾਗ ਵਲੋਂ ਬੱਚੇ ਦੇ ਮਾਪਿਆਂ ਅਤੇ ਵਾਰਸਾਂ ਦੀ ਸਰਗਰਮੀ ਨਾਲ ਭਾਲ ਕੀਤੀ ਜਾ ਰਹੀ ਹੈ।

ਉਨ੍ਹਾਂ ਆਮ ਲੋਕਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਜੇਕਰ ਕਿਸੇ ਵੀ ਵਿਅਕਤੀ ਕੋਲ ਇਸ ਬੱਚੇ ਬਾਰੇ ਕੋਈ ਜਾਣਕਾਰੀ ਹੋਵੇ ਜਾਂ ਕੋਈ ਇਸ ਦੇ ਪਰਿਵਾਰ ਨੂੰ ਜਾਣਦਾ ਹੋਵੇ, ਤਾਂ ਉਹ ਤੁਰੰਤ ਮੋਬਾਈਲ ਨੰਬਰ 73074-33144 'ਤੇ ਸੰਪਰਕ ਕਰ ਸਕਦਾ ਹੈ। ਪ੍ਰਸ਼ਾਸਨ ਵਲੋਂ ਲੋਕਾਂ ਨੂੰ ਇਸ ਨੇਕ ਕਾਰਜ ਵਿੱਚ ਸਹਿਯੋਗ ਦੇਣ ਦੀ ਗੁਜ਼ਾਰਿਸ਼ ਕੀਤੀ ਗਈ ਹੈ ਤਾਂ ਜੋ ਮਾਸੂਮ ਨੂੰ ਜਲਦ ਤੋਂ ਜਲਦ ਉਸ ਦੇ ਪਰਿਵਾਰ ਨਾਲ ਮਿਲਾਇਆ ਜਾ ਸਕੇ।

## ਪੰਜ ਰਾਜਾਂ ਦੀ ਜਿੱਤ ਨਾਲ ਭਾਜਪਾ ‘ਤੇ ਲੋਕਾਂ ਦਾ ਵਧਦਾ ਭਰੋਸਾ, ਵਿਕਾਸ ਹੀ ਬਣਿਆ ਮੁੱਖ ਮੁੱਦਾ - ਰਾਜਵਿੰਦਰ ਕੌਰ




**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ, 5 ਮਈ।**

ਭਾਰਤੀ ਜਨਤਾ ਪਾਰਟੀ ਦੀ ਸੀਨੀਅਰ ਨੇਤਾ ਰਾਜਵਿੰਦਰ ਕੌਰ ਨੇ ਪੰਜ ਰਾਜਾਂ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਦੀ ਪ੍ਰਾਪਤ ਜਿੱਤ ‘ਤੇ ਖੁਸ਼ੀ ਪ੍ਰਗਟਾਉਂਦਿਆਂ ਇਸਨੂੰ ਦੇਸ਼ ਵਾਸੀਆਂ ਦੇ ਵਿਕਾਸਮੁਖੀ ਸੋਚ ਅਤੇ ਮਜ਼ਬੂਤ ਨੇਤ੍ਰਿਤਵ ‘ਤੇ ਭਰੋਸੇ ਦਾ ਸਪੱਸ਼ਟ ਪ੍ਰਤੀਕ ਕਰਾਰ ਦਿੱਤਾ। ਉਨ੍ਹਾਂ ਨੇ ਆਪਣੇ ਸਮਰਥਕਾਂ ਨਾਲ ਮਿਲ ਕੇ ਪਾਰਟੀ ਵਰਕਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਜਿੱਤ ਸਿਰਫ਼ ਰਾਜਨੀਤਿਕ ਨਹੀਂ, ਸਗੋਂ ਲੋਕਾਂ ਦੀ ਉਮੀਦਾਂ ਦੀ ਜਿੱਤ ਹੈ।

ਉਨ੍ਹਾਂ ਕਿਹਾ ਕਿ ਪੱਛਮੀ ਬੰਗਾਲ, ਅਸਾਮ, ਤਾਮਿਲਨਾਡੂ, ਕੇਰਲ ਅਤੇ ਪੁਡੂਚੇਰੀ ਦੇ ਨਤੀਜੇ ਦਰਸਾਉਂਦੇ ਹਨ ਕਿ ਦੇਸ਼ ਦੇ ਵੱਖ-ਵੱਖ ਖੇਤਰਾਂ ਵਿੱਚ ਲੋਕ ਭਾਜਪਾ ਦੀਆਂ ਨੀਤੀਆਂ ਅਤੇ ਕਾਰਗੁਜ਼ਾਰੀ ਨੂੰ ਸਵੀਕਾਰ ਕਰ ਰਹੇ ਹਨ। ਉਨ੍ਹਾਂ ਦੇ ਅਨੁਸਾਰ ਪਾਰਟੀ ਨੇ ਆਪਣੀ ਜੜ੍ਹਾਂ ਨੂੰ ਮਜ਼ਬੂਤ ਕਰਦਿਆਂ ਇੱਕ ਵੱਡੀ ਰਾਸ਼ਟਰੀ ਤਾਕਤ ਵਜੋਂ ਆਪਣੀ ਪਛਾਣ ਹੋਰ ਮਜ਼ਬੂਤ ਕੀਤੀ ਹੈ।

ਰਾਜਵਿੰਦਰ ਕੌਰ ਨੇ ਕਿਹਾ ਕਿ ਵੋਟਰਾਂ ਨੇ ਸਥਿਰਤਾ, ਪਾਰਦਰਸ਼ਤਾ ਅਤੇ ਮਜ਼ਬੂਤ ਨੇਤ੍ਰਿਤਵ ਨੂੰ ਤਰਜੀਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਆਰਥਿਕ ਵਿਕਾਸ, ਭਲਾਈ ਯੋਜਨਾਵਾਂ ਅਤੇ ਰਾਸ਼ਟਰੀ ਸੁਰੱਖਿਆ ਵਰਗੇ ਮੁੱਦੇ ਲੋਕਾਂ ਦੇ ਫ਼ੈਸਲੇ ਵਿੱਚ ਕੇਂਦਰੀ ਭੂਮਿਕਾ ਨਿਭਾ ਰਹੇ ਹਨ।

ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਦੇ ਨੇਤ੍ਰਿਤਵ ਨੂੰ ਇਸ ਸਫਲਤਾ ਦਾ ਕੇਂਦਰ ਦੱਸਦਿਆਂ ਕਿਹਾ ਕਿ “ਸਭ ਦਾ ਸਾਥ, ਸਭ ਦਾ ਵਿਕਾਸ, ਸਭ ਦਾ ਵਿਸ਼ਵਾਸ” ਦੀ ਸੋਚ ਨੇ ਹਰ ਵਰਗ ਨੂੰ ਨਾਲ ਜੋੜਿਆ ਹੈ।

ਉਨ੍ਹਾਂ ਨੇ ਕਿਹਾ ਕਿ ਇਨਫਰਾਸਟਰਕਚਰ ਦੇ ਵਿਕਾਸ, ਡਿਜ਼ੀਟਲ ਗਵਰਨੈਂਸ, ਡਾਇਰੈਕਟ ਬੇਨੀਫਿਟ ਟ੍ਰਾਂਸਫਰ ਅਤੇ ਗਰੀਬ-ਕੇਂਦ੍ਰਿਤ ਯੋਜਨਾਵਾਂ ਨੇ ਭਾਜਪਾ ਨੂੰ ਲੋਕਾਂ ਦੇ ਦਿਲਾਂ ਵਿੱਚ ਖਾਸ ਥਾਂ ਦਿਵਾਈ ਹੈ।

ਅੰਤ ਵਿੱਚ, ਉਨ੍ਹਾਂ ਵਿਸ਼ਵਾਸ ਜਤਾਇਆ ਕਿ ਇਹੀ ਨੀਤੀਆਂ ਅਤੇ ਮਜ਼ਬੂਤ ਨੇਤ੍ਰਿਤਵ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਵੀ ਭਾਜਪਾ ਲਈ ਸਫਲਤਾ ਦਾ ਰਾਹ ਤਿਆਰ ਕਰਨਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਇੱਕ ਪਾਰਦਰਸ਼ੀ, ਜਵਾਬਦੇਹ ਅਤੇ ਵਿਕਾਸਸ਼ੀਲ ਸਰਕਾਰ ਦੀ ਉਮੀਦ ਕਰ ਰਹੇ ਹਨ, ਜਿਸਨੂੰ ਭਾਜਪਾ ਪੂਰਾ ਕਰਨ ਲਈ ਵਚਨਬੱਧ ਹੈ।

## ਨਿਸਾਨ ਗ੍ਰੈਵਾਈਟ ਸੀਐਨਜੀ ਟਵਿਨ-ਸਿਲੰਡਰ ਰੀਟਰੋਫਿਟਮੈਂਟ ਕਿੱਟ ਨਾਲ ਲਾਂਚ



ਲੁਧਿਆਣਾ : ਨਿਸਾਨ ਮੋਟਰ ਇੰਡੀਆ ਨੇ ਅੱਜ ਨਵੀਂ ਨਿਸਾਨ ਗ੍ਰੈਵਾਈਟ ਲਈ ਸਰਕਾਰ ਦੁਆਰਾ ਪ੍ਰਮਾਣਿਤ ਸੀਐਨਜੀ ਰੀਟਰੋਫਿਟਮੈਂਟ ਕਿੱਟ ਲਾਂਚ ਕਰਨ ਦਾ ਐਲਾਨ ਕੀਤਾ ਹੈ। ਸੈਗਮੈਂਟ-ਪਹਿਲੀ ਸਮਾਰਟ ਟਵਿਨ-ਸਿਲੰਡਰ ਤਕਨਾਲੋਜੀ, ਜੋ 7-ਸੀਟਰ ਦੀ ਮਾਡਿਊਲਰਿਟੀ ਅਤੇ ਵਰਤੋਂਯੋਗਤਾ ਦੋਵਾਂ ਨੂੰ ਬਣਾਈ ਰੱਖਣ ਵਿੱਚ ਮਦਦ ਕਰਦੀ ਹੈ, 16 ਰਾਜਾਂ ਵਿੱਚ ₹82,999 ਦੀ ਸ਼ੁਰੂਆਤੀ ਕੀਮਤ 'ਤੇ ਉਪਲਬਧ ਹੈ। ਗ੍ਰੈਵਾਈਟ ਸੀਐਨਜੀ ਗਾਹਕਾਂ ਨੂੰ ਇੱਕ ਸਮਾਰਟ, ਵਧੇਰੇ ਕਿਫਾਇਤੀ ਅਤੇ ਵਾਤਾਵਰਣ ਪੱਖੋਂ ਸਹੀ ਹੱਲ ਪੇਸ਼ ਕਰਨ ਲਈ ਤਿਆਰ ਕੀਤੀ ਗਈ ਹੈ। ਇਸ ਤੋਂ ਇਲਾਵਾ, ਇਸ ਕਿੱਟ ਨੂੰ ਸਥਾਪਿਤ ਕਰਨ ਦੇ ਬਾਵਜੂਦ, ਤੀਜੀ ਕਤਾਰ ਵਿਸ਼ਾਲ ਰਹਿੰਦੀ ਹੈ, ਰੋਜ਼ਾਨਾ ਦੀਆਂ ਗਤੀਵਿਧੀਆਂ ਲਈ ਆਰਾਮ ਅਤੇ ਵਿਹਾਰਕਤਾ ਨੂੰ ਯਕੀਨੀ ਬਣਾਉਂਦੀ ਹੈ। ਇੱਕ ਵਿਹਾਰਕ ਅਤੇ ਭਵਿੱਖ ਲਈ ਤਿਆਰ ਪਹੁੰਚ ਨਾਲ ਤਿਆਰ ਕੀਤਾ ਗਿਆ, ਗ੍ਰੈਵਾਈਟ ਸੀਐਨਜੀ "ਸਮਾਰਟ ਪਾਵਰ ਵਿਦ ਸਮਾਰਟ ਸੇਵਿੰਗਜ਼" ਨੂੰ ਜੋੜਦਾ ਹੈ, ਜੋ ਪ੍ਰਤੀ ਕਿਲੋਮੀਟਰ ਘੱਟ ਬਾਲਣ ਦੀ ਖਪਤ ਪ੍ਰਦਾਨ ਕਰਦੇ ਹੋਏ ਉੱਤਮ ਮਾਡਿਊਲਰਿਟੀ, ਆਰਾਮ ਅਤੇ ਰੋਜ਼ਾਨਾ ਪ੍ਰਦਰਸ਼ਨ ਪ੍ਰਦਾਨ ਕਰਦਾ ਹੈ।

ਮੋਟੋਜਨ ਨੇ ਇਸ ਸਰਕਾਰ ਦੁਆਰਾ ਪ੍ਰਮਾਣਿਤ ਸੀਐਨਜੀ ਕਿੱਟ ਲਈ ਗੁਣਵੱਤਾ ਭਰੋਸਾ ਵਿਕਸਤ, ਨਿਰਮਾਣ ਅਤੇ ਯਕੀਨੀ ਬਣਾਇਆ ਹੈ। ਗਾਹਕ ਇੱਕ ਨਿਸਾਨ ਅਧਿਕਾਰਤ ਡੀਲਰ ਦੁਆਰਾ ਸੀਐਨਜੀ ਕਿੱਟ ਸਥਾਪਨਾ ਦਾ ਆਰਡਰ ਦੇ ਸਕਦੇ ਹਨ, ਇੱਕ ਸੁਵਿਧਾਜਨਕ ਅਤੇ ਭਰੋਸੇਮੰਦ ਸੀਐਨਜੀ ਹੱਲ ਪ੍ਰਦਾਨ ਕਰਦੇ ਹੋਏ। ਕਿੱਟ ਦੇ ਹਿੱਸੇ ਇੱਕ ਤੀਜੀ-ਧਿਰ ਪ੍ਰਦਾਤਾ ਤੋਂ 3-ਸਾਲ/100,000-ਕਿਲੋਮੀਟਰ ਵਾਰੰਟੀ ਦੇ ਨਾਲ ਵੀ ਆਉਂਦੇ ਹਨ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

# ਬਾਬਾ ਫਰੀਦ ਯੂਨੀਵਰਸਿਟੀ ਵੱਲੋਂ ਪਲੇਸਮੈਂਟ ਡਰਾਈਵ ਦੌਰਾਨ ਵਿਦਿਆਰਥੀਆਂ ਨੂੰ ਆਫਰ ਲੈਟਰ ਵੰਡੇ ਗਏ



**ਫਰੀਦਕੋਟ, |**

ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ, ਫਰੀਦਕੋਟ ਵੱਲੋਂ ਵਿਦਿਆਰਥੀਆਂ ਦੇ ਭਵਿੱਖ ਨਿਰਮਾਣ ਵੱਲ ਇਕ ਹੋਰ ਮਹੱਤਵਪੂਰਨ ਕਦਮ ਚੁੱਕਦੇ ਹੋਏ ਹੈਲਥ ਸਕਿਲ ਡਿਵੈਲਪਮੈਂਟ ਸੈਂਟਰ (HSDC) ਰਾਹੀਂ ਆਯੋਜਿਤ ਪਲੇਸਮੈਂਟ ਡਰਾਈਵ ਵਿੱਚ ਚੁਣੇ ਗਏ ਵਿਦਿਆਰਥੀਆਂ ਨੂੰ ਪ੍ਰੋ. (ਡਾ.) ਰਾਜੀਵ ਸੂਦ, ਵਾਈਸ ਚਾਂਸਲਰ ਨੇ ਆਪਣੇ ਹੱਥੀਂ ਆਫਰ ਲੈਟਰ ਸੌਂਪੇ।

ਇਹ ਪਲੇਸਮੈਂਟ ਡਰਾਈਵ 20 ਅਪ੍ਰੈਲ 2026 ਨੂੰ ਆਯੋਜਿਤ ਕੀਤੀ ਗਈ ਸੀ, ਜਿਸ ਵਿੱਚ 70 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਇਨ੍ਹਾਂ ਵਿੱਚੋਂ 34 ਵਿਦਿਆਰਥੀਆਂ ਨੂੰ ਆਕਰਸ਼ਕ ਤਨਖਾਹ ਅਤੇ ਹੋਰ ਸੁਵਿਧਾਵਾਂ ਸਮੇਤ ਆਫਰ ਲੈਟਰ ਪ੍ਰਾਪਤ ਹੋਏ। ਖ਼ਾਸ ਗੱਲ ਇਹ ਰਹੀ ਕਿ ਬੀ.ਐਸ.ਸੀ. ਆਪਟੋਮੈਟਰੀ ਦੇ 3 ਵਿਦਿਆਰਥੀਆਂ ਨੂੰ ਵੀ ਇੱਕ ਪ੍ਰਸਿੱਧ ਕੰਪਨੀ ਵਿੱਚ ਨੌਕਰੀ ਪ੍ਰਾਪਤ ਹੋਈ।

ਆਪਣੇ ਸੰਦੇਸ਼ ਵਿੱਚ ਪ੍ਰੋ. (ਡਾ.) ਰਾਜੀਵ ਸੂਦ ਨੇ ਕਿਹਾ ਕਿ ਬੀਐਫਯੂਐੱਚਐਸ ਦਾ ਹੈਲਥ ਸਕਿਲ ਡਿਵੈਲਪਮੈਂਟ ਸੈਂਟਰ ਵੱਖ-ਵੱਖ ਹਸਪਤਾਲਾਂ ਦੇ ਸਹਿਯੋਗ ਨਾਲ ਚਲ ਰਹੇ ਸਕਿਲ ਕੋਰਸਾਂ ਰਾਹੀਂ ਨੌਜਵਾਨਾਂ ਨੂੰ ਰੋਜ਼ਗਾਰਯੋਗ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਕੋਰਸ ਪੰਜਾਬ ਸਕਿਲ ਡਿਵੈਲਪਮੈਂਟ ਮਿਸ਼ਨ (PSDM) ਦੇ ਅਧੀਨ ਚਲਾਏ ਜਾਂਦੇ ਹਨ ਅਤੇ ਵਿਦਿਆਰਥੀਆਂ ਲਈ ਪੂਰੀ ਤਰ੍ਹਾਂ ਮੁਫ਼ਤ ਹਨ।

ਉਨ੍ਹਾਂ ਹੋਰ ਦੱਸਿਆ ਕਿ ਬੀਐਫਯੂਐੱਚਐਸ ਵੱਲੋਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਹੋਰ ਪਲੇਸਮੈਂਟ ਡਰਾਈਵਾਂ ਆਯੋਜਿਤ ਕੀਤੀਆਂ ਜਾਣਗੀਆਂ। ਇਸ ਸਮੇਂ ਪੀਐਸਡੀਐੱਮ ਪੰਜਾਬ ਵੱਲੋਂ ਜੇਰੀਆਟ੍ਰਿਕ ਕੇਅਰ ਗਿਵਰ ਕੋਰਸ ਲਈ 300 ਵਿਦਿਆਰਥੀਆਂ ਦਾ ਟਾਰਗੇਟ ਦਿੱਤਾ ਗਿਆ ਹੈ, ਜਿਸ ਲਈ ਦਾਖਲਾ ਪ੍ਰਕਿਰਿਆ ਜਾਰੀ ਹੈ ਅਤੇ ਜਲਦ ਹੀ ਕਾਊਂਸਲਿੰਗ ਕਰਵਾਈ ਜਾਵੇਗੀ।

ਉਨ੍ਹਾਂ ਇਹ ਵੀ ਕਿਹਾ ਕਿ ਯੂਨੀਵਰਸਿਟੀ ਦੀ ਇਹ ਪਹਲ ਫਰੀਦਕੋਟ ਅਤੇ ਨੇੜਲੇ ਇਲਾਕਿਆਂ ਦੇ ਲੋਕਾਂ ਲਈ ਲਾਭਦਾਇਕ ਸਾਬਤ ਹੋ ਰਹੀ ਹੈ।

ਆਫਰ ਲੈਟਰ ਪ੍ਰਾਪਤ ਕਰਦੇ ਸਮੇਂ ਵਿਦਿਆਰਥੀਆਂ ਨੇ ਖੁਸ਼ੀ ਜਾਹਿਰ ਕਰਦੇ ਹੋਏ ਇਸਨੂੰ ਆਪਣੇ ਕਰੀਅਰ ਦੀ ਸ਼ੁਰੂਆਤ ਦੱਸਿਆ।

ਇਸ ਮੌਕੇ ਡਾ. ਜਸਬੀਰ ਕੌਰ, ਪ੍ਰਿੰਸੀਪਲ, ਯੂਨੀਵਰਸਿਟੀ ਇੰਸਟੀਚਿਊਟ ਆਫ ਐਲਾਇਡ ਐਂਡ ਹੈਲਥ ਕੇਅਰ ਸਾਇੰਸਜ਼, ਫਰੀਦਕੋਟ; ਮਿਸਿਜ਼ ਰੀਵਾ ਸੂਦ; ਸ਼੍ਰੀ ਸਮੀਰ ਕਾਂਤ ਆਹੂਜਾ; ਡਾ. ਅਰਚਨਾ ਸ਼ਾਹੀ, ਨੋਡਲ ਅਫਸਰ HSDC ਫਰੀਦਕੋਟ; ਡਾ. ਅਨੁਭਵ, ਅਸਿਸਟੈਂਟ ਪ੍ਰੋਫੈਸਰ; ਡਾ. ਸੁਮਰੀਨ ਭਾਟੀਆ, ਰਿਸਰਚ ਅਫਸਰ (ਹਸਪਤਾਲ ਐਡਮਿਨਿਸਟ੍ਰੇਸ਼ਨ); ਅਤੇ ਮਿਸ ਹਰਪ੍ਰੀਤ ਕੌਰ, ਟ੍ਰੇਨਰ (ਜੇਰੀਆਟ੍ਰਿਕ ਕੇਅਰ ਗਿਵਰ ਕੋਰਸ) ਵੀ ਹਾਜ਼ਰ ਸਨ।

# ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ 'ਚ ਸੰਗਤਾਂ ਨੂੰ ਸਵਾਲ ਜਵਾਬ ਜਾਂ ਇੰਟਰਵਿਊ ਕਰਨ ਤੋਂ ਗੁਰੇਜ਼ ਕਰੇ ਮੀਡੀਆ- ਸ. ਮੰਨਣ



ਅੰਮ੍ਰਿਤਸਰ, 6 ਮਈ-

ਮਾਨਵਤਾ ਦੇ ਸਰਬਸਾਂਝੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ, ਮਰਿਆਦਾ ਅਤੇ ਅਦਬ-ਸਤਿਕਾਰ ਨੂੰ ਕਾਇਮ ਰੱਖਣਾ ਹਰਇੱਕ ਦਾ ਫਰਜ਼ ਹੈ। ਪਰਕਰਮਾਂ ਅੰਦਰ ਆਉਣ ਵਾਲੀਆਂ ਸੰਗਤਾਂ ਨਾਲ ਕੁਝ ਵਿਲੌਗਰ ਤੇ ਮੀਡੀਆ ਕਰਮੀਆਂ ਵੱਲੋਂ ਬਿਨਾਂ ਲੋੜ ਸਵਾਲ-ਜਵਾਬ ਕਰਨ ਨਾਲ ਦਰਸ਼ਨਾਂ ਲਈ ਆਈ ਸੰਗਤ ਨੂੰ ਅਕਸਰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਮੀਡੀਆ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾਂ ਅੰਦਰ ਕਿਸੇ ਨਾਲ ਵੀ ਸਵਾਲ-ਜਵਾਬ ਕਰਕੇ ਵੀਡੀਓ ਨਾ ਬਣਾਏ।

ਇਹ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਰੋਜ਼ਾਨਾ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਸ਼ਰਧਾ ਨਾਲ ਨਤਮਸਤਕ ਹੋਣ ਪੁੱਜਦੀਆਂ ਹਨ। ਇਸ ਦੌਰਾਨ ਸੰਗਤਾਂ ਨਾਲ ਮੀਡੀਆ ਵੱਲੋਂ ਸਵਾਲ-ਜਵਾਬ ਕਰਨ ਨਾਲ ਨਾ ਸਿਰਫ਼ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜਦੀ ਹੈ, ਸਗੋਂ ਪਰਕਰਮਾਂ ਦੀ ਪਵਿੱਤਰ ਮਰਯਾਦਾ ਵਿਚ ਵੀ ਵਿਘਨ ਪੈਦਾ ਕਰਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਹਿਲਾਂ ਹੀ ਆਦੇਸ਼ ਹਨ ਕਿ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾਂ ਵਿਚ ਕਿਸੇ ਤਰ੍ਹਾਂ ਵੀ ਬਾਈਟ ਆਦਿ ਨਾ ਕੀਤੀ ਜਾਵੇ। ਉਨ੍ਹਾਂ ਸਮੂਹ ਮੀਡੀਆ ਸੰਸਥਾਵਾਂ ਅਤੇ ਪੱਤਰਕਾਰ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾਂ ਅੰਦਰ ਕਿਸੇ ਵੀ ਤਰ੍ਹਾਂ ਸਵਾਲ-ਜਵਾਬ ਜਾਂ ਇੰਟਰਵਿਊ ਕਰਨ ਤੋਂ ਗੁਰੇਜ਼ ਕਰਨ। ਜੇਕਰ ਕਿਸੇ ਵੀ ਮਾਮਲੇ ਸਬੰਧੀ ਸੰਗਤਾਂ ਦੀ ਪ੍ਰਤੀਕ੍ਰਿਆ ਲੈਣੀ ਲੋੜੀਂਦੀ ਹੋਵੇ, ਤਾਂ ਇਹ ਕਾਰਵਾਈ ਪਰਕਰਮਾਂ ਤੋਂ ਬਾਹਰ ਨਿਰਧਾਰਤ ਸਥਾਨਾਂ 'ਤੇ ਹੀ ਕੀਤੀ ਜਾਵੇ, ਤਾਂ ਜੋ ਦਰਸ਼ਨ ਲਈ ਆਉਣ ਵਾਲੀਆਂ ਸੰਗਤਾਂ ਨੂੰ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਆਖਿਆ ਕਿ ਲੰਘੇ ਦਿਨੀਂ ਇਕ ਨਿੱਜੀ ਚੈਨਲ ਵੱਲੋਂ ਪਰਕਰਮਾਂ ਵਿਚ ਸੰਗਤ ਨਾਲ ਰਿਕਾਰਡ ਕੀਤੀ ਜਾ ਰਹੀ ਗੱਲਬਾਤ ਨੂੰ ਸੇਵਾਦਾਰਾਂ ਵੱਲੋਂ ਰੋਕਣ 'ਤੇ ਉਲਟਾ ਸੇਵਾਦਾਰਾਂ 'ਤੇ ਹੀ ਸਵਾਲ ਖੜ੍ਹੇ ਕਰਨੇ ਬੇਹੱਦ ਦੁਖਦਾਈ ਹੈ। ਅਜਿਹਾ ਠੀਕ ਨਹੀਂ ਹੈ ਅਤੇ ਮੀਡੀਆ ਨੂੰ ਚਾਹੀਦਾ ਹੈ ਕਿ ਉਹ ਨਿਯਮਾਂ ਦਾ ਪਾਲਣ ਕਰੇ।

ਇਸੇ ਦੌਰਾਨ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਪ੍ਰੈੱਸ ਅਤੇ ਮੀਡੀਆ ਅਦਾਰਿਆਂ ਨੂੰ ਇਹ ਵੀ ਅਪੀਲ ਕੀਤੀ ਕਿ ਏਆਈ ਤਕਨੀਕ ਦੀ ਦੁਰਵਰਤੋਂ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸਿੱਖ ਗੁਰੂ ਸਾਹਿਬਾਨ ਜਾਂ ਸਿੱਖ ਪ੍ਰਤੀਕਾਂ ਨਾਲ ਸਬੰਧਤ ਤਿਆਰ ਕੀਤੀ ਕਿਸੇ ਵੀ ਅਪਮਾਨਜਨਕ ਸਮੱਗਰੀ ਨੂੰ ਪ੍ਰਸਾਰਿਤ ਕਰਨ ਤੋਂ ਗੁਰੇਜ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਅਜਿਹੇ ਮਾਮਲਿਆਂ ਦੀ ਖ਼ਬਰ ਦੇਣੀ ਹੋਵੇ ਤਾਂ ਉਹ ਸਿਰਫ਼ ਤੱਥਾਂ ਦੀ ਜਾਣਕਰੀ ਤੱਕ ਸੀਮਤ ਰੱਖੀ ਜਾਵੇ ਅਤੇ ਵੀਡੀਓ/ਤਸਵੀਰਾਂ ਨੂੰ ਦਿਖਾਉਣ ਜਾਂ ਦੁਹਰਾਉਣ ਤੋਂ ਗੁਰੇਜ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮੀਡੀਆ ਸਿੱਖ ਭਾਵਨਾਵਾਂ ਨਾਲ ਸਬੰਧਿਤ ਅਜਿਹੀ ਸੰਵੇਦਨਸ਼ੀਲ ਸਮਗਰੀ ਸਬੰਧੀ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਸਬੰਧਿਤ ਸ਼ੋਸ਼ਲ ਮੀਡੀਆ ਪਲੇਟਫਾਰਮਾਂ ਅਤੇ ਅਧਿਕਾਰਤ ਏਜੰਸੀਆਂ ਕੋਲ ਰਿਪੋਰਟ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕਰੇ। ਉਨ੍ਹਾਂ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਅਜਿਹੀ ਸਮੱਗਰੀ ਨੂੰ ਅੱਗੇ ਨਾ ਵਧਾਵੇ, ਸਗੋਂ ਇਸ ਨੂੰ ਰਿਪੋਰਟ ਕਰੇ।

# "ਸੁਣਨ ਦਾ ਹੱਕ ਸਭ ਦਾ" ਸਕੀਮ ਤਹਿਤ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ, ਫਰੀਦਕੋਟ ਵੱਲੋਂ ਕੋਕਲੀਅਰ ਇੰਪਲਾਂਟ ਸੇਵਾਵਾਂ ਨੂੰ ਮਿਲੀ ਨਵੀਂ ਮਜ਼ਬੂਤੀ



**ਫਰੀਦਕੋਟ, |**

ਫਰੀਦਕੋਟ, ਪੰਜਾਬ: ਪੰਜਾਬ ਸਰਕਾਰ ਦੇ ਸਿਹਤ ਸੇਵਾਵਾਂ ਨੂੰ ਬਰਾਬਰ ਅਤੇ ਸਭ ਦੀ ਪਹੁੰਚ ਵਿੱਚ ਬਣਾਉਣ ਦੇ ਵਿਜ਼ਨ ਦੇ ਅਨੁਸਾਰ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ (GGSMCH), ਫਰੀਦਕੋਟ ਪੂਰੇ ਖੇਤਰ ਵਿੱਚ ਉੱਨਤ ਅਤੇ ਸਮੂਹਿਕ ਸੁਣਨ ਸ਼ਕਤੀ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਵਿੱਚ ਮੋਹਰੀ ਭੂਮਿਕਾ ਨਿਭਾ ਰਿਹਾ ਹੈ। ਮਾਨਯੋਗ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ "ਸੁਣਨ ਦਾ ਹੱਕ ਸਭ ਦਾ" ਸਕੀਮ ਦੀ ਸ਼ੁਰੂਆਤ ਕਰਕੇ ਇਸ ਵਚਨਬੱਧਤਾ ਨੂੰ ਹੋਰ ਮਜ਼ਬੂਤ ਕੀਤਾ ਹੈ। ਇਸ ਸਕੀਮ ਦਾ ਉਦੇਸ਼ ਸਮਾਜ ਦੇ ਸਾਰੇ ਵਰਗਾਂ ਲਈ ਵਿਆਪਕ ਸੁਣਨ ਸ਼ਕਤੀ ਦੀ ਦੇਖਭਾਲ ਯਕੀਨੀ ਬਣਾਉਣਾ ਹੈ। ਜੀ.ਜੀ.ਐਸ.ਐਮ.ਸੀ.ਐਚ. ਇਸ ਪ੍ਰਮੁੱਖ ਪਹਿਲਕਦਮੀ ਦੇ ਅਧੀਨ ਸੇਵਾਵਾਂ ਪ੍ਰਦਾਨ ਕਰਨ ਪ੍ਰਭਾਵਸ਼ਾਲੀ ਕੇਂਦਰ ਵਜੋਂ ਉਭਰਿਆ ਹੈ।

ਜੀ.ਜੀ.ਐਸ.ਐਮ.ਸੀ.ਐਚ. ਨੂੰ ਇਹ ਮਾਣ ਪ੍ਰਾਪਤ ਹੈ ਕਿ ਇਹ ਪੰਜਾਬ ਦਾ ਪਹਿਲਾ ਸਰਕਾਰੀ ਮੈਡੀਕਲ ਕਾਲਜ ਹੈ ਜਿੱਥੇ ਕੋਕਲੀਅਰ ਇੰਪਲਾਂਟ ਸਰਜਰੀਆਂ ਸਫਲਤਾਪੂਰਵਕ ਕੀਤੀਆਂ ਗਈਆਂ। ਇਹ ਪ੍ਰੋਗਰਾਮ ਸਾਲ 2014 ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ ਉਸ ਤੋਂ ਬਾਅਦ ਇਹ ਫਰੀਦਕੋਟ-ਮਾਲਵਾ ਖੇਤਰ ਲਈ ਇੱਕ ਪ੍ਰਮੁੱਖ ਰੈਫਰਲ ਕੇਂਦਰ ਵਜੋਂ ਵਿਕਸਤ ਹੋ ਗਿਆ ਹੈ, ਜੋ ਗੰਭੀਰ ਸੁਣਨ ਦੀ ਸਮੱਸਿਆ ਵਾਲੇ ਮਰੀਜ਼ਾਂ ਨੂੰ ਜੀਵਨ-ਪਰਿਵਰਤਨਕਾਰੀ ਇਲਾਜ ਪ੍ਰਦਾਨ ਕਰ ਰਿਹਾ ਹੈ।

ਪਿਛਲੇ ਸਾਲਾਂ ਦੌਰਾਨ ਜੀ.ਜੀ.ਐਸ.ਐਮ.ਸੀ.ਐਚ. ਫਰੀਦਕੋਟ ਨੇ ਕੋਕਲੀਅਰ ਇੰਪਲਾਂਟ ਸੇਵਾਵਾਂ ਵਿੱਚ ਕਈ ਮਹੱਤਵਪੂਰਨ ਉਪਲਬਧੀਆਂ ਹਾਸਲ ਕੀਤੀਆਂ ਹਨ ਅਤੇ ਪੰਜਾਬ ਵਿੱਚ ਉੱਚ ਪੱਧਰੀ ਸੁਣਨ ਸਿਹਤ ਸੇਵਾਵਾਂ ਦੇ ਅਗੇਤੂ ਕੇਂਦਰ ਵਜੋਂ ਉਭਰਿਆ ਹੈ। ਸੰਸਥਾ ਵੱਲੋਂ ਹੁਣ ਤੱਕ 60 ਕੋਕਲੀਅਰ ਇੰਪਲਾਂਟ ਸਰਜਰੀਆਂ ਸਫਲਤਾਪੂਰਵਕ ਕੀਤੀਆਂ ਜਾ ਚੁੱਕੀਆਂ ਹਨ ਅਤੇ ਵੱਖ-ਵੱਖ ਸਰਕਾਰੀ ਸਕੀਮਾਂ ਤਹਿਤ ਬੱਚਿਆਂ ਨੂੰ ਮੁਫ਼ਤ ਕੋਕਲੀਅਰ ਇੰਪਲਾਂਟ ਮੁਹੱਈਆ ਕਰਵਾਏ ਗਏ ਹਨ। ਇਸ ਪ੍ਰੋਗਰਾਮ ਦੇ ਤਹਿਤ ਸਭ ਤੋਂ ਛੋਟੀ ਉਮਰ ਦੇ ਮਰੀਜ਼ ਦੀ ਉਮਰ 1 ਸਾਲ 4 ਮਹੀਨੇ ਅਤੇ ਸਭ ਤੋਂ ਵੱਡੀ ਉਮਰ ਦੇ ਮਰੀਜ਼ ਦੀ ਉਮਰ 65 ਸਾਲ ਰਹੀ ਹੈ। ਜੀ.ਜੀ.ਐਸ.ਐਮ.ਸੀ.ਐਚ. ਪੰਜਾਬ ਦਾ ਪਹਿਲਾ ਸੰਸਥਾਨ ਹੈ ਜੋ ਭਾਰਤ ਸਰਕਾਰ ਦੀ ADIP ਸਕੀਮ ਤਹਿਤ ਐਮਪੈਨਲ ਕੀਤਾ ਗਿਆ, ਜਿਸ ਨਾਲ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਇਹ ਮਹਿੰਗੀ ਇਲਾਜ ਸੇਵਾ ਮੁਫ਼ਤ ਪ੍ਰਾਪਤ ਹੋ ਰਹੀ ਹੈ। ਹਸਪਤਾਲ ਵੱਲੋਂ ਰਾਸ਼ਟਰੀ ਬਾਲ ਸਵਾਸਥਿਆ ਕਰਯਕਰਮ (RBSK) ਅਤੇ ਪ੍ਰਧਾਨ ਮੰਤਰੀ ਰਾਸ਼ਟਰੀ ਰਾਹਤ ਫੰਡ ਤਹਿਤ ਵੀ ਇੰਪਲਾਂਟ ਕੀਤੇ ਜਾ ਰਹੇ ਹਨ ਅਤੇ ਹੁਣ ਪੰਜਾਬ ਸਰਕਾਰ ਦੀ "ਸੁਣਨ ਦਾ ਹੱਕ ਸਭ ਦਾ" ਸਕੀਮ ਤਹਿਤ ਵੀ ਇਹ ਸੇਵਾਵਾਂ ਜਾਰੀ ਹਨ, ਜਿਸ ਨਾਲ ਸਮਾਵੇਸ਼ੀ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤੀ ਮਿਲ ਰਹੀ ਹੈ।

ਸੰਸਥਾ ਕੋਲ ਆਧੁਨਿਕ ਸਰਜਰੀ ਅਤੇ ਰਿਹੈਬਿਲਿਟੇਸ਼ਨ ਸਹੂਲਤਾਂ ਉਪਲਬਧ ਹਨ ਅਤੇ ਨਵਜਨਮੇ ਬੱਚਿਆਂ ਵਿੱਚ ਸੁਣਨ ਦੀ ਸਮੱਸਿਆ ਦੀ ਸ਼ੁਰੂਆਤੀ ਪਛਾਣ ਲਈ ਨਿਓਨੇਟਲ ਹਿਅਰਿੰਗ ਸਕ੍ਰੀਨਿੰਗ ਪ੍ਰੋਗਰਾਮ ਵੀ ਚਲਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ, ਇੱਕ ਸਮਰਪਿਤ ਮਲਟੀਡਿਸਪਲਿਨਰੀ ਟੀਮ ਦੁਆਰਾ ਆਡੀਟਰੀ ਰਿਹੈਬਿਲਿਟੇਸ਼ਨ ਅਤੇ ਸਪੀਚ ਥੈਰਪੀ ਦੀਆਂ ਵਿਸਤ੍ਰਿਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ, ਜੋ ਮਰੀਜ਼ਾਂ ਨੂੰ ਬਿਹਤਰ ਸੰਚਾਰ ਯੋਗਤਾ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਦੀਆਂ ਹਨ। ਇਸ ਪ੍ਰੋਗਰਾਮ ਦੀ ਸਫਲਤਾ ਨੂੰ ਮਜ਼ਬੂਤ ਪ੍ਰਸ਼ਾਸਨਿਕ ਸਹਿਯੋਗ ਨਾਲ ਹੋਰ ਵਾਧਾ ਮਿਲਿਆ ਹੈ, ਜਿਸ ਵਿੱਚ ਡਾ. ਨੀਤੂ ਕੁੱਕੜ ਦੀ ਸਰਗਰਮ ਪ੍ਰਸ਼ਾਸਨਿਕ ਭੂਮਿਕਾ ਨੇ ਸੇਵਾਵਾਂ ਦੀ ਸੁਚਾਰੂ ਅਤੇ ਪ੍ਰਭਾਵਸ਼ਾਲੀ ਲਾਗੂ ਕਰਨ ਨੂੰ ਯਕੀਨੀ ਬਣਾਇਆ ਹੈ।

ਪ੍ਰੋ. (ਡਾ.) ਰਾਜੀਵ ਸੂਦ, ਵਾਈਸ ਚਾਂਸਲਰ, ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਨੇ ਕਿਹਾ,

"GGSMCH ਫਰੀਦਕੋਟ ਨੇ ਹਮੇਸ਼ਾਂ ਉੱਚ ਦਰਜੇ ਦੀਆਂ ਅਤੇ ਮਰੀਜ਼-ਕੇਂਦ੍ਰਿਤ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਿੱਚ ਉਤਕ੍ਰਿਸ਼ਟਤਾ ਦਰਸਾਈ ਹੈ। ਕੋਕਲੀਅਰ ਇੰਪਲਾਂਟ ਪ੍ਰੋਗਰਾਮ ਇਸ ਗੱਲ ਦਾ ਵਧੀਆ ਉਦਾਹਰਨ ਹੈ ਕਿ ਕਿਵੇਂ ਸਰਕਾਰੀ ਸਹਿਯੋਗ ਅਤੇ ਸੰਸਥਾਤਮਕ ਵਚਨਬੱਧਤਾ ਜੀਵਨਾਂ ਵਿੱਚ ਬਦਲਾਅ ਲਿਆ ਸਕਦੀ ਹੈ। 'ਸੁਣਨ ਦਾ ਹੱਕ ਸਭ ਦਾ' ਸਕੀਮ ਨਾਲ ਅਸੀਂ ਹਰ ਵਿਅਕਤੀ ਤੱਕ ਸੁਣਨ ਸੇਵਾਵਾਂ ਪਹੁੰਚਾਉਣ ਦੇ ਆਪਣੇ ਮਿਸ਼ਨ ਨੂੰ ਹੋਰ ਮਜ਼ਬੂਤ ਕਰ ਰਹੇ ਹਾਂ। ਬਾਬਾ ਫਰੀਦ ਯੂਨੀਵਰਸਿਟੀ ਵੱਲੋਂ ਜਲਦੀ ਹੀ ਆਪਣੀ ਕੰਸਟੀਚਿਊਟ ਸੰਸਥਾਂ ਵਿੱਚ ਵੀ ਕੋਕਲੀਅਰ ਇੰਪਲਾਂਟ ਕੇਂਦਰ ਸਥਾਪਿਤ ਕਰਨ ਦੀ ਯੋਜਨਾ ਹੈ, ਜਿਸ ਨਾਲ ਪੰਜਾਬ ਭਰ ਵਿੱਚ ਇਹ ਸੇਵਾਵਾਂ ਹੋਰ ਵਿਸਤਾਰਤ ਹੋਣਗੀਆਂ।"

ਡਾ. ਸੁਮਿਤ ਪ੍ਰਿੰਜਾ, ਪ੍ਰੋਫੈਸਰ ਤੇ ਮੁਖੀ, ਅੱਖ, ਨੱਕ ਤੇ ਗਲਾ ਵਿਭਾਗ ਅਤੇ ਮੁੱਖ ਕੋਕਲੀਅਰ ਇੰਪਲਾਂਟ ਸਰਜਨ ਨੇ ਕਿਹਾ,

"ਕੋਕਲੀਅਰ ਇੰਪਲਾਂਟ ਇੱਕ ਬਹੁਤ ਹੀ ਵਿਸ਼ੇਸ਼ ਸਰਜਰੀ ਹੈ ਜੋ ਗੰਭੀਰ ਸੁਣਨ ਦੀ ਸਮੱਸਿਆ ਵਾਲੇ ਵਿਅਕਤੀ ਦੀ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਬਦਲ ਸਕਦੀ ਹੈ। GGSMCH ਵਿੱਚ ਅਸੀਂ ਆਧੁਨਿਕ ਤਕਨਾਲੋਜੀ ਅਤੇ ਮਾਹਰਤਾ ਨਾਲ ਇੱਕ ਮਜ਼ਬੂਤ ਕਲੀਨੀਕਲ ਪ੍ਰਣਾਲੀ ਵਿਕਸਤ ਕੀਤੀ ਹੈ, ਜਿਸ ਨਾਲ ਸਾਨੂੰ ਸ਼ਾਨਦਾਰ ਸਰਜਰੀ ਨਤੀਜੇ ਪ੍ਰਾਪਤ ਹੋ ਰਹੇ ਹਨ। ਸਾਡਾ ਧਿਆਨ ਸ਼ੁਰੂਆਤੀ ਪਛਾਣ, ਸਟੀਕ ਸਰਜਰੀ ਅਤੇ ਲੰਬੇ ਸਮੇਂ ਦੀ ਰਿਹੈਬਿਲਿਟੇਸ਼ਨ 'ਤੇ ਕੇਂਦ੍ਰਿਤ ਹੈ ਤਾਂ ਜੋ ਹਰ ਮਰੀਜ਼ ਨੂੰ ਸਭ ਤੋਂ ਵਧੀਆ ਨਤੀਜੇ ਮਿਲ ਸਕਣ।"

ਸ਼੍ਰੀ ਸਤੀਸ਼ ਕੁਮਾਰ, ਸ਼੍ਰੀ ਸਤੀਸ਼ ਕੁਮਾਰ, ਐਸੋਸੀਏਟ ਪ੍ਰੋਫੈਸਰ (ਆਡੀਓਲੋਜੀ ਅਤੇ ਸਪੀਚ-ਲੈਂਗਵੇਜ ਪੈਥੋਲੋਜੀ) ਅਤੇ ਨੋਡਲ ਅਫ਼ਸਰ (ਕੋਚਲੀਅਰ ਇਮਪਲਾਂਟ ਪ੍ਰੋਗਰਾਮ, ਨੇ ਕਿਹਾ, "ਕੋਕਲੀਅਰ ਇੰਪਲਾਂਟ ਪ੍ਰੋਗਰਾਮ ਦੀ ਸਫਲਤਾ ਸਿਰਫ਼ ਸਰਜਰੀ ਤੱਕ ਸੀਮਿਤ ਨਹੀਂ ਹੈ, ਸਗੋਂ ਸਰਜਰੀ ਤੋਂ ਬਾਅਦ ਦੀ ਰਿਹੈਬਿਲਿਟੇਸ਼ਨ ਅਤੇ ਸਪੀਚ ਥੈਰਪੀ ਵੀ ਉਤਨੀ ਹੀ ਮਹੱਤਵਪੂਰਨ ਹੈ। ਸਾਡੀ ਸਮਰਪਿਤ ਟੀਮ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਲਗਾਤਾਰ ਸਹਿਯੋਗ ਪ੍ਰਦਾਨ ਕਰਦੀ ਹੈ, ਜਿਸ ਨਾਲ ਉਹ ਪ੍ਰਭਾਵਸ਼ਾਲੀ ਸੰਚਾਰ ਯੋਗਤਾਵਾਂ ਵਿਕਸਤ ਕਰ ਸਕਣ। ਸੰਰਚਿਤ ਰਿਹੈਬਿਲਿਟੇਸ਼ਨ ਪ੍ਰੋਗਰਾਮਾਂ ਰਾਹੀਂ ਅਸੀਂ ਮਰੀਜ਼ਾਂ ਦੀ ਸਮੂਹਿਕ ਦੇਖਭਾਲ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਲਈ ਵਚਨਬੱਧ ਹਾਂ।"

ਆਪਣੀ ਕਲੀਨਿਕਲ ਉੱਤਮਤਾ ਅਤੇ ਸਰਕਾਰੀ ਸਹਿਯੋਗ ਨਾਲ, GGSMCH ਫਰੀਦਕੋਟ ਪੰਜਾਬ ਵਿੱਚ ਸੁਣਨ ਦੀ ਅਯੋਗਤਾ ਨੂੰ ਯੋਗਤਾ ਵਿੱਚ ਬਦਲਣ ਲਈ ਉਮੀਦ ਦੀ ਇੱਕ ਕਿਰਨ ਵਜੋਂ ਖੜ੍ਹਾ ਹੈ।

ਸੱਚੀ ਅਤੇ ਨਿਰਪੱਖ ਵਿਚਾਰਧਾਰਾ
CEE7NEWS
Daily Digital Edition



